# ਵਰਿਆਮ

ਜੁਲਾਈ ੧੯੮੭ | ਜਿਲਦ : ੧੨ | ਅੰਕ : ੯

ਸੰਪਾਦਕ : ਜਗਦੀਸ਼ ਸਿੰਘ | ਮੁੱਲ : ੩ ਰੁਪਏ


## ਨਾਮਧਾਰੀ ਵਿਦਿਅਕ ਸੰਮੇਲਨ

### ਦਿੱਲੀ ੨੫ ਜੂਨ ਤੋਂ ੨ ਜੁਲਾਈ

ਸਰਬ ਹਿੰਦ ਨਾਮਧਾਰੀ ਵਿਦਿਅਕ ਜਥੇ ਦਾ ਬਾਈਵਾਂ ਵਾਰਸ਼ਕ ਸੰਮੇਲਨ ਇਸ ਵਾਰ ਦਿੱਲੀ ਵਿਚ ਹੋ ਰਿਹਾ ਹੈ। ਇਸ ਦੀ ਇਤਿਹਾਸਕ ਮਹੱਤਤਾ ਇਹ ਹੈ ਕਿ ਇਹ ਪਹਿਲੀ ਵਾਰ ਇਕ ਐਸੇ ਸਕੂਲ ਦੇ ਪਰਾਂਗਣ ਵਿਚ ਹੋ ਰਿਹਾ ਹੈ ਜੋ ਇਕ ਬਾਲਕ ਸ਼ਹੀਦ ਦੇ ਨਾਮ ਤੇ ਸਫਲ ਕਾਰਜ ਕਰ ਰਿਹਾ ਹੈ। ਮਾਲੇਰਕੋਟਲੇ ਵਿਚ ਸੰਨ ੧੮੭੨ ਨੂੰ ਜਦੋਂ ਨਾਮਧਾਰੀਆਂ ਨੂੰ ਤੋਪਾਂ ਨਾਲ ਉਡਾਇਆ ਜਾ ਰਿਹਾ ਸੀ ਤਾਂ ਜਿਸ ਬਾਲਕ ਨੇ ਦਲੇਰੀ ਨਾਲ ਘਲੂਘਾਰੇ ਦੇ ਪ੍ਰਮੁਖ ਨਿਰਦੇਸ਼ਕ ਅੰਗਰੇਜ਼ ਅਫਸਰ ਮਿਸਟਰ ਕਾਵਣ ਦੀ ਲੰਮੀ ਦਾੜ੍ਹੀ ਨੂੰ ਹੱਥ ਪਾਕੇ ਝਟਕੇ ਦਿਤੇ ਸਨ ਉਸ ਬਾਲ ਦਾ ਨਾਮ ਬਿਸ਼ਨ ਸਿੰਘ ਸੀ। ਬਿਸ਼ਨ ਸਿੰਘ ਨੂੰ ਤਲਵਾਰ ਨਾਲ ਸ਼ਹੀਦ ਕੀਤਾ ਗਿਆ ਅਤੇ ਅੱਜ ਉਸ ਬਿਸ਼ਨ ਸਿੰਘ ਦੇ ਨਾਮ ਨੂੰ ਸਮਰਪਿਤ ਇਹ ਸਕੂਲ ਇਸ ਸ਼ਹੀਦ ਬਾਲਕ ਦੀ ਯਾਦ ਤਾਜ਼ਾ ਕਰਦਾ ਹੈ।

ਨਾਮਧਾਰੀ ਵਿਦਿਅਕ ਜੱਥਾ ਸੰਨ ੧੯੬੫ ਤੋਂ ਹੋਂਦ ਵਿਚ ਆਇਆ। ਇਸ ਦੇ ਮੁਢਲੇ ਟੀਚਿਆਂ ਵਿਚ ਨਾਮਧਾਰੀ ਸਮਾਜ ਅੰਦਰ ਚੇਤਨਾ ਪ੍ਰਚੰਡ ਕਰਨ ਵਾਸਤੇ ਅਤੇ ਨੌਜਵਾਨਾਂ ਵਿਚ ਅਪਣੇ ਵਿਰਸੇ ਦੀ ਅਮੀਰੀ ਨੂੰ ਸੰਭਾਲਣ ਵਾਸਤੇ ਜਤਨ ਕਰਨਾ ਸੀ। ਸਕੂਲ ਲਾਇਬਰੇਰੀਆਂ ਖੋਹਲਣ ਦੇ ਟੀਚੇ ਵੀ ਸਨ।

ਇਹਨਾਂ ਸੰਮੇਲਨਾਂ ਦੇ ਮੁਢਲੇ ਪੜਾਵਾਂ ਤੇ ਤਾਂ ਵੱਡੀ ਗੱਲ ਇਹ ਹੀ ਸੀ ਕਿ ਹਰ ਸਾਲ ਇਕ ਮੰਚ ਤੋਂ ਇਕੱਤਰ ਹੋਣਾ ਤੇ ਵਿਚਾਰਾਂ ਕਰਨੀਆਂ। ਇਹਨਾਂ ਵਿਚਾਰਾਂ ਨੂੰ ਭਾਵੇਂ ਕਈਆਂ ਨੇ ਜ਼ਬਾਨੀ ਜਮਾ ਖਰਚ ਕਿਹਾ ਪਰ ਇਸ ਮੰਚ ਤੋਂ ਜੋ ਸ਼ਕਤੀਸ਼ਾਲੀ ਆਵਾਜ਼ ਉਠਦੀ ਸੀ। ਉਸੇ ਆਵਾਜ਼ ਦੀ ਸੇਧ ਵਿਚ ਹੋਰ ਲੋਗ ਜ਼ਰੂਰ ਹੰਭਲੇ ਮਾਰਦੇ ਰਹੇ। ਹੋਰਨਾਂ ਥਾਵਾਂ ਤੋਂ ਬਾਅਦ ਦਿੱਲੀ ਵਿਚ ਇਕ ਸਫਲ ਪਬਲਿਕ ਸਕੂਲ ਦੀ ਸਥਾਪਨਾ ਪਿਛੇ ਵੀ ਇਹਨਾਂ ਸੰਮੇਲਨਾਂ 'ਚੋਂ ਉਪਜੀ ਭਾਵਨਾ ਹੀ ਮੁਖ ਕਾਰਨ ਸੀ।

ਅੱਜ ਇਸ ਲਹਿਰ ਦੇ ਮੋਢੀਆਂ ਵਿਚੋਂ ਸਾਰੇ ਬਚਪਣੇ ਤੋਂ ਪ੍ਰੌੜ ਵਿਅਕਤੀ ਬਣ ਗਏ ਹਨ ਅਤੇ ਵੱਡੀਆਂ ਵੱਡੀਆਂ ਜ਼ਿਮੇਵਾਰੀਆਂ ਨਿਭਾ ਰਹੇ ਹਨ। ਇਸ ਲਹਿਰ ਦੇ ਪ੍ਰੇਰਨਾ ਸਰੋਤ ਅਤੇ ਪ੍ਰਤਿਪਾਲਕ ਸਤਿਗੁਰੂ ਜਗਜੀਤ ਸਿੰਘ ਜੀ ਹੀ ਹਨ। ਉਹਨਾਂ ਦੇ ਆਸ਼ੀਰਵਾਦ ਨਾਲ ਜਥੇ ਦੇ ਬਾਨੀ ਪ੍ਰਧਾਨ ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ ਨੇ ਬਹੁਤ ਸਫਲ ਅਗਵਾਈ ਦਿਤੀ। ਉਹਨਾ ਤੋਂ ਬਾਅਦ ਮਾਸਟਰ ਅਜੀਤ ਸਿੰਘ ਚੀਮਾ ਜੀ ਪ੍ਰਧਾਨ ਬਣੇ ਤੇ ਕੰਮ ਨੂੰ ਬਹੁਤ ਘੁਕਾਇਆ। ਸ: ਪ੍ਰੀਤਮ ਸਿੰਘ ਜੰਮੂ ਥੋਹੜੇ ਸਮੇਂ ਵਿਚ ਬਹੁਤ ਕਾਰਜ ਕਰ ਗਏ ਅਤੇ ਉਮਰ ਨੇ ਉਹਨਾਂ ਦਾ ਸਾਥ ਨਾ ਦਿਤਾ। ਡੰਗ ਟਪਾਉਣ ਲਈ ਇਹਨਾਂ ਸਤਰਾਂ ਦਾ ਲੇਖਕ ਵੀ ਪੰਜ ਕੁ ਸਾਲ ਲਈ ਇਸ ਪ੍ਰਧਾਨਗੀ ਕਾਰਜ ਤੇ ਰਿਹਾ। ਜਥੇ ਦੇ ਮੌਜੂਦਾ ਪ੍ਰਧਾਨ ਸੰਤ ਦਲੀਪ ਸਿੰਘ, ਜੋਸ਼ ਅਤੇ ਉਦਮ ਦੀ ਜ਼ਿੰਦਾ ਤਸਵੀਰ ਹਨ। ਨਾਲ ਹੀ ਇਹਨਾਂ ਨੂੰ ਇਹ ਸੁਭਾਗ ਪ੍ਰਾਪਤ ਹੈ ਕਿ ਸਾਰੇ ਮੁਖ ਅਹੁਦੇਦਾਰ ਇਹਨਾਂ ਦੇ ਅਪਣੇ ਸ਼ਹਿਰ ਲੁਧਿਆਣੇ ਦੇ ਹਨ। ਇਸ ਟੀਮ ਨੇ ਨਵੇਂ ਸਿਰਿਓਂ ਇਸ ਲਹਿਰ ਵਿਚ ਨਵਾਂ ਜੋਸ਼ ਭਰ ਦਿਤਾ ਹੈ ਅਤੇ ਅੱਜ ਕਲ੍ਹ ਦੇ ਬਿਖੜੇ ਸਮੇਂ ਵਿਚ ਭਾਰੀ ਔਕੜਾਂ ਦੇ ਸਨਮੁਖ ਇਹਨਾਂ ਨੇ ਸਮੇਲਨਾਂ ਦੀ ਲੜੀ ਜਾਰੀ ਰਖੀ ਹੈ। ਅੱਜ ਨਾਮਧਾਰੀ ਸੰਸਾਰ ਵਿਚ, ਅਖਬਾਰਾਂ ਰਸਾਲਿਆਂ, ਖੇਡਾਂ, ਸੰਗੀਤ ਅਤੇ ਵਿਦਿਆ ਦਾ ਜੋ ਹਾਲ ਹੈ ਇਸ ਵਿਚ ਵਿਦਿਅਕ ਜੱਥੇ ਦਾ ਉੱਘਾ ਯੋਗਦਾਨ ਹੈ।

ਅਸੀਂ ਨਾਮਧਾਰੀ ਵਿਦਿਅਕ ਜੱਥੇ ਦੇ ਬਾਈਵੇਂ ਸੰਮੇਲਨ ਦੀ ਸਫਲਤਾ ਲਈ ਅਰਦਾਸ ਕਰਦੇ ਹਾਂ।

—ਜਗਦੀਸ਼ ਸਿੰਘ

Sri Satguru Jagjit Singh Ji eLibrary NamdhariElibrary@gmail.com

# JANTA

## HYDRAULIC PRESSES

- Known for trouble free service
- More out put with less cost
- Satisfaction guaranteed
- Easy to operate
- Simple to maintain



DOWN STROKE
HEAVY DUTY
for Harrow Discs,
Rim Plates &
Brake Linnings

JEW

**JANTA ENGINEERING WORKS**

G.T. ROAD, P.O. MOHAN NAGAR,
RAJINDER NAGAR, INDUSTRIAL AREA
GHAZIABAD (INDIA)
PHONE : 201286 (CONNECTED WITH DELHI)



FOR GENERAL
MOULDED
RUBBER
GOODS



FOR VULCANIZING OF CONVEYOR
& TRANSMISSION BELTINGS



FOR STRAIGHTENING BENDING,
PRESSING & FASTENING

Sri Satguru Jagjit Singh Ji eLibrary NamdhariElibrary@gmail.com

# ਸਤਿਗੁਰੂ ਰਾਮ ਸਿੰਘ ਜੀ ਦੀ ਜੀਵਨੀ ਰਾਸ਼ਟਰਪਤੀ ਨੂੰ ਭੇਟ

ਪਿਛਲੇ ਦਿਨੀ ਰਾਸ਼ਟਰਪਤੀ ਭਵਨ ਵਿਖੇ ਹੋਏ ਇਕ ਵਿਸ਼ੇਸ਼ ਸਾਹਿਤਕ ਸਮਾਗਮ ਵਿਚ ਸ੍ਰੀ ਤਾਰਾ ਅਨਜਾਣ ਨੇ ਆਪਣੀ ਪੁਸਤਕ "ਸਭਹਨ ਕੇ ਸਿਰਮੌਰ" ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਜੀ ਨੂੰ ਭੇਟ ਕੀਤੀ। ਇਹ ਪੁਸਤਕ ਨਾਮਧਾਰੀ ਗੁਰੂ, ਇਕ ਪਰਮੁੱਖ ਸਮਾਜ-ਸੁਧਾਰਕ ਅਤੇ ਸਿਰਲੱਥ ਸੁਤੰਤਰਤਾ-ਸੰਗਰਾਮੀਏ ਸਤਿਗੁਰੂ ਰਾਮ ਸਿੰਘ ਜੀ ਦੀ ਜੀਵਨੀ ਹੈ।

ਇਹ ਪੁਸਤਕ ਇਸ ਤੱਥ ਨੂੰ ਭਲੀਭਾਂਤ ਉਜਾਗਰ ਕਰਦੀ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਜਿਥੇ ਆਪਣੇ ਸਮੇਂ ਦੇ ਸਮਾਜ ਵਿਚ ਪਈਆਂ ਹੋਈਆਂ ਕੁਰੀਤੀਆਂ ਦੂਰ ਕਰਨ ਲਈ ਕਰੜੀ ਘਾਲਣਾ ਘਾਲੀ, ਉਥੇ ਬਦੇਸ਼ੀ ਹਕੂਮਤ ਤੋਂ ਦੇਸ਼ ਦੀ ਬੰਦਖਲਾਸੀ ਲਈ ਅਜੇਹੇ ਦੇਸ਼ਭਗਤਕ ਕਦਮ ਚੱਕੇ ਜਿਹੜੇ ਮਗਰੋਂ ਮਹਾਤਮਾਂ ਗਾਂਧੀ ਜੀ ਦੀ ਅਗਵਾਈ ਅਧੀਨ ਭਾਰਤ ਦੀ ਸੁਤੰਤਰਤਾ ਲਹਿਰ ਨੇ ਇਕ ਕਾਮਯਾਬ ਹਥਿਆਰ ਵਜੋਂ ਵਰਤੇ।

ਰਾਸ਼ਟਰਪਤੀ ਨਾਲ ਲੇਖਕ ਦੀ ਜਾਣ-ਪਛਾਣ ਪੰਜਾਬੀ ਭਾਸ਼ਾ ਅਧਿਆਪਕ ਐਸੋਸੀਏਸ਼ਨ, ਦਿੱਲੀ ਦੇ ਪਰਧਾਨ, ਪਰਸਿੱਧ ਕਹਾਣੀਕਾਰ ਸ੍ਰੀ ਜਗਦੀਸ਼ ਕੌਸ਼ਲ ਨੇ ਕਰਵਾਈ। ਉਹਨਾਂ ਨੇ ਇਕ ਜੀਵਨਕਾਰ ਹੋਣ ਤੋਂ ਇਲਵਾ ਅਨਜਾਣ ਜੀ ਦੀਆਂ ਦਿੱਲੀ ਦੇ ਸਕੂਲਾਂ ਵਿਚ ਪੰਜਾਬੀ ਦੇ ਵਿਕਾਸ ਲਈ ਸਰਗਰਮੀਆਂ ਬਾਰੇ ਜਾਣਕਾਰੀ ਦਿੱਤੀ।

ਇਸ ਪਿਛੋਂ ਲੇਖਕ ਨੇ ਪੁਸਤਕ ਦੀ ਇਕ ਕਾਪੀ ਗਿਆਨੀ ਜੀ ਨੂੰ ਭੇਟ ਕੀਤੀ, ਜਿਨ੍ਹਾਂ ਨੇ ਪੁਸਤਕ ਦੁਆਲੇ ਵਲ੍ਹੇਟੀ ਖੰਮ੍ਹਣੀ ਖੋਲ੍ਹਦਿਆਂ ਉਹਨੂੰ ਚਿਨ੍ਹਾਤਮਕ ਢੰਗ ਨਾਲ ਪਾਠਕਾਂ ਸਾਹਮਣੇ ਪੇਸ਼ ਕੀਤੀ।

ਪੰਜਾਬੀ ਦੇ ਪਰਮੱਖ ਕਵੀ, ਆਲੋਚਕ ਅਤੇ ਵਿਦਵਾਨ ਡਾ: ਹਰਿਭਜਨ ਸਿੰਘ ਨੇ, ਜਿਨ੍ਹਾਂ ਨੇ ਪੁਸਤਕ ਦਾ ਮੁਖਬੰਦ ਲਿਖਿਆ ਹੋਇਆ ਹੈ, ਉਸ ਬਾਰੇ ਜਾਣਕਾਰੀ ਦਿੱਤੀ। ਉਹਨਾਂ ਨੇ ਉਹ ਘਟਨਾ ਵੀ ਚੇਤੇ ਕੀਤੀ ਜਦੋਂ ੧੯੬੪ 'ਚ ਸੋਵੀਅਤ ਯੂਨੀਅਨ ਦੇ ਦੌਰੇ ਉਤੇ ਗਏ ਹੋਏ ਗਿਆਨੀ ਜੀ ਨੇ ਗੁਰੂ ਰਾਮ ਸਿੰਘ ਵਲੋਂ ਸੂਬਾ ਗੁਰਚਰਨ ਸਿੰਘ ਹੱਥ ਚਿਠੀ ਭੇਜ ਕੇ ਰੂਸ ਦੇ ਜ਼ਾਰ ਨਾਲ ਜੋੜੇ ਗਏ ਸੰਪਰਕ ਵਿਚ ਦਿਲਚਸਪੀ ਦਿਖਾਈ ਸੀ। ਡਾ: ਸਾਹਿਬ ਨੇ ਦਸਿਆ ਕਿ ਇਹ ਜੀਵਨੀ ਸੁਖੈਨ ਪੰਜਾਬੀ ਵਿਚ ਅਤੇ ਮਹਾਂਪੁਰਸ਼ਾਂ ਦੇ ਜੀਵਨ ਨਾਲ ਅਕਸਰ ਜੁੜ ਜਾਂਦੀਆਂ ਮਿੱਥਾਂ ਤੋਂ ਮੁਕਤ ਹੋ ਕੇ ਲਿਖੀ ਗਈ ਹੈ। ਉਹਨਾਂ ਨੇ ਕਿਹਾ ਕਿ ਇਹ ਬੱਧੀਮਾਨਾਂ ਵਾਂਗ ਸੋਚ ਕੇ ਸਾਧਾਰਨ



ਲੇਖਕ ਰਾਸ਼ਟਰਪਤੀ ਦੇ ਨਾਲ

ਪਾਠਕਾਂ ਦੇ ਪੱਧਰ ਉਤੇ ਰਚੀ ਗਈ ਪੁਸਤਕ ਹੈ।

ਇਸ ਪਿਛੋਂ ਬੋਲਦਿਆਂ ਗਿਆਨੀ ਜ਼ੈਲ ਸਿੰਘ ਜੀ ਨੇ ਇਕਰਾਰ ਕੀਤਾ ਕਿ ਉਹ ਇਕ ਮਹਾਂਪੁਰਸ਼ ਬਾਰੇ ਲਿਖੀ ਗਈ ਇਹ ਵਧੀਆ ਪੁਸਤਕ ਜ਼ਰੂਰ ਪੜ੍ਹਨਗੇ।

ਵਡੇਰੇ ਪਰਸੰਗ ਵਿਚ ਪੰਜਾਬੀ ਸਾਹਿਤ ਅਤੇ ਭਾਸ਼ਾ ਬਾਰੇ ਗੱਲ ਕਰਦਿਆਂ ਰਾਸ਼ਟਰਪਤੀ ਜੀ ਨੇ ਕਿਹਾ ਕਿ ਭਾਸ਼ਾਵਾਂ ਦਾ ਧਰਮਾਂ ਨਾਲ ਜੋੜੇ ਜਾਣਾ ਦੇਸ਼ ਲਈ ਇਕ ਵੱਡਾ ਦੁਖਾਂਤ ਸੀ। ਉਹਨਾਂ ਨੇ ਪੰਜਾਬੀ ਨੂੰ ਸਿੱਖਾਂ ਨਾਲ, ਹਿੰਦੀ ਨੂੰ ਹਿੰਦੂਆਂ ਨਾਲ ਅਤੇ ਉਰਦੂ ਨੂੰ ਮੁਸਲਮਾਨਾ ਨਾਲ ਜੋੜੇ ਜਾਣ ਦੀ ਅਲੋਚਨਾ ਕੀਤੀ। ਇਸ ਪੱਖੋਂ ਉਹਨਾਂ ਨੇ ਸ੍ਰੀ ਜਗਦੀਸ਼ ਕੌਸ਼ਲ ਵਲੋਂ ਪੰਜਾਬੀ ਭਾਸ਼ਾ ਅਧਿਆਪਕ ਐਸੋਸੀਏਸ਼ਨ ਦੀ ਅਗਵਾਈ ਕੀਤੇ ਜਾਣ ਦੀ ਅਤੇ ਦਿੱਲੀ ਵਿਚ ਪੰਜਾਬੀ ਦੇ ਵਾਧੇ ਲਈ ਘਾਲਣਾ ਘਾਲੇ ਜਾਣ ਦੀ ਪਰਸੰਸਾ ਕੀਤੀ। ਉਹਨਾਂ ਨੇ ਪੰਜਾਬੀ ਨੂੰ ਅਪਣਾਉਣ ਵਾਲੇ ਵੱਧ ਤੋਂ ਵੱਧ ਹਿੰਦੂਆਂ ਨੂੰ ਮਾਤਭਾਸ਼ਾ ਦੀ ਤਰੱਕੀ ਦੇ ਜਤਨਾਂ ਨਾਲ ਜੋੜਨ ਦੀ ਲੋੜ ਉਤੇ ਜ਼ੋਰ ਦਿੱਤਾ।

ਅੰਤ ਵਿਚ ਪੁਸਤਕ ਵੱਲ ਪਰਤਦਿਆਂ ਰਾਸ਼ਟਰਪਤੀ ਜੀ ਨੇ ਵਿਚਾਰ ਪਰਗਟਾਇਆ ਕਿ ਅਜਿਹੀਆਂ ਰਚਨਾਵਾਂ ਵੱਧ ਤੋਂ ਵੱਧ ਹੱਥਾਂ ਵਿਚ ਪੁਜਣੀਆਂ ਚਾਹੀਦੀਆਂ ਹਨ। ਇਸ ਪਰਸੰਗ ਵਿਚ ਉਹਨਾਂ ਦੇ ਪੰਜਾਬੀ ਵਿਚ ਪੁਸਤਕਾਂ ਦੀ ਵਿਕਰੀ ਬਹੁਤ ਘੱਟ ਹੋਣ ਦਾ ਕਾਰਨ ਪਾਠਕਾਂ ਦੀ ਘਾਟ ਦੱਸਿਆ, ਜੀਹਦਾ ਅੱਗੋਂ ਇਹਨੂੰ ਕਥਿਤ ਤੌਰ ਉਤੇ ਅਪਣਾਉਣ ਵਾਲਿਆਂ ਵੱਲੋਂ ਵੀ ਇਹਦੇ ਵਿਕਾਸ ਲਈ ਕੁਝ ਨਾਂ ਕੀਤੇ ਜਾਣਾ ਹੈ। ਉਹਨਾਂ ਨੇ ਕਿਹਾ ਕਿ ਸਮੇ ਦੀ ਲੋੜ ਧਰਮ ਦੇ ਭੇਦਭਾਵ ਤੋਂ ਬਿਨਾ ਸਭ ਪੰਜਾਬੀਆਂ ਵੱਲੋਂ ਪੰਜਾਬੀ ਨੂੰ ਸੱਚੇ ਦਿਲੋਂ ਅਪਣਾਏ ਜਾਣਾ ਹੈ।

ਗੁਰਬਚਨ ਸਿੰਘ ਭੁੱਲਰ



Sri Satguru Jagjit Singh Ji eLibrary NamdhariElibrary@gmail.com

https://archive.org/details/namdhari

੧ੳ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# RAJPAL

## The Leading Name in Construction Machinery



CONCRETE MIXER 10/7 CFT



CONCETE MIXER 7/5

Manufacturers of

- Concrete Mixers of all Sizes
- Pan Mixers
- Vibrators of all Types
- Tower Hoists
- Hydraulic Press
- Spare Parts of all Makes Concrete Mixers

Phones : Office : 529033
Factory : 501973
Resi. : 536093

# BALWANT SINGH & SONS

A-2/3 MAYA PURI, PHASE II
NEW DELHI-110064
4E/11 JHANDEWALA EXTN.
Opp. C-70



Sri Satguru Jagjit Singh Ji eLibrary NamdhariElibrary@gmail.com

# ਲਘੂ ਕਥਾਵਾਂ

ਹਰੇਕ ਪੂਰਬੀ ਦੇਸ਼ ਵਿਚ ਨਸੀਰੁਦੀਨ ਖਾਜਾ ਦੀਆਂ ਮਜ਼ਾਕੀ ਮਜ਼ਾਕ ਬਾਰੇ ਅਨੇਕ ਕਿਸੇ-ਕਹਾਣੀਆਂ ਪਰਸਿਧ ਹਨ। ਏਥੇ ਅਸੀਂ ਅਜਿਹੀਆਂ ਦੋ ਲਘੂ-ਕਹਾਣੀਆਂ ਦੇ ਰਹੇ ਹਾਂ ਜਿਹਨਾਂ ਵਿਚ ਨਸੀਰੁਦੀਨ ਦੀਆਂ ਜ਼ਾਲਮ ਜੇਤੂ ਤੈਮੂਰਲੰਗ ਨਾਲ ਕਾਲਪਨਿਕ ਮਿਲਣੀਆਂ ਦਾ ਜ਼ਿਕਰ ਹੈ । —ਸੰਪਾਦਕ

## ਲਾਲਚ

ਜਦੋਂ ਖਰਬੂਜੇ ਪਕ ਗਏ ਤਾਂ ਨਸੀਰੁਦੀਨ ਆਪਣੇ ਖਰਬੂਜ਼ਿਆ ਵਾਲੇ ਖੇਤ ਵਿਚਲੀ ਝੁੱਗੀ ਵਿਚ ਰਹਿਣ ਲਗ ਪਿਆ।

ਇਕ ਦਿਨ ਘੋੜਿਆਂ ਉਤੇ ਸਵਾਰ ਤਿੰਨ ਅਮੀਰਜ਼ਾਦੇ ਉਹਦੀ ਝੁੱਗੀ ਅੱਗੇ ਆ ਕੇ ਰੁਕੇ। ਨਸੀਰੁਦੀਨ ਨੇ ਉਹਨਾਂ ਨੂੰ ਚਾਹ ਪਿਆਈ ਅਤੇ ਖਰਬੂਜੇ ਖਾਣ ਨੂੰ ਦਿਤੇ।

ਜਦੋਂ ਉਹਦੇ ਮਹਿਮਾਨ ਖਾਉ-ਪੀਉ ਅਤੇ ਝਟ ਕੁ ਆਰਾਮ ਕਰਨ ਮਗਰੋਂ ਉਥੋਂ ਜਾਣ ਲਗੇ, ਤਾਂ ਨਸੀਰੁਦੀਨ ਨੇ ਉਹਨਾਂ ਨੂੰ ਤੁਹਫੇ ਵਜੋਂ ਇਕ-ਇਕ ਖਰਬੂਜਾ ਦਿਤਾ । ਦੋ ਜਣਿਆਂ ਨੇ ਉਹਦੇ ਤੁਹਫੇ ਪਰਵਾਨ ਕਰ ਲਏ ਜਦੋਂ ਕਿ ਤੀਜੇ ਨੇ ਚਾਰ ਖਰਬੂਜੇ ਲੈਣੇ ਚਾਹੇ।

ਨਸੀਰੁਦੀਨ ਨੇ ਉਹਦੇ ਅੱਗੇ ਸਿਰ ਨਿਵਾਉਂਦਿਆਂ ਕਿਹਾ : "ਆਸ ਹੈ, ਤੈਮੂਰਲੰਗ, ਤੁਸੀਂ ਏਧਰ ਫੇਰ ਵੀ ਕਦੇ ਗੇੜਾ ਮਾਰੋਗੇ।,,

ਰਾਜੇ ਨੇ ਉਹਨੂੰ ਪੁਛਿਆ : "ਤੈਨੂੰ ਕਿਵੇਂ ਪਤਾ ਲਗਾ ਕਿ ਮੈਂ ਤੈਮੂਰਲੰਗ ਹਾਂ ?"

"ਇਹ ਗੱਲ ਤੇਰੇ ਤਮ੍ਹਾ ਨੇ ਦਸੀ ਹੈ । ਇਹ ਸੰਸਾਰ ਦਾ ਮਾਲਕ ਬਣਨ ਦਾ ਲਾਲਚ ਹੈ।"

## ਤੁਕਬੰਦੀ

ਅਕੇਵਾਂ ਤੋੜਨ ਲਈ ਤੈਮੂਰਲੰਗ ਨੇ ਕਵਿਤਾ ਕਰਨੀ ਚਾਹੀ। ਉਹਨੇ ਰੁਬਾਈ ਵਰਗੀ ਕੁਝ ਤੁਕਬੰਦੀ ਕੀਤੀ ਅਤੇ ਨਸੀਰੁਦੀਨ ਨੂੰ ਸਦਵਾ ਭੇਜਿਆ ।

ਨਸੀਰੁਦੀਨ ਨੇ ਤੁਕਬੰਦੀ ਸੁਣੀ ਤੇ ਕਿਹਾ :

"ਇਹ ਤੁਕਬੰਦੀ ਅਸਲੋਂ ਈ ਮਾੜੀ ਏ । ਜੋ ਕੰਮ ਤੇਰੇ ਵਸ ਦਾ ਨਹੀਂ, ਤੂੰ ਕਿਉਂ ਕਰਦਾ ਏਂ ?"

ਰਾਜਾ ਕ੍ਰੋਧਵਾਨ ਹੋ ਗਿਆ ਅਤੇ ਹੁਕਮ ਦਿਤਾ ਕਿ ਉਹਨੂੰ ਖੋਤਿਆਂ ਦੇ ਤਬੇਲੇ ਵਿਚ ਬੰਦ ਕਰ ਦਿਤਾ ਜਾਵੇ।

ਕੁਝ ਦਿਨ ਮਗਰੋਂ ਤੈਮੂਰਲੰਗ ਨੇ ਕੁਝ ਹੋਰ ਤੁਕਾਂ ਜੋੜੀਆਂ ਅਤੇ ਨਸੀਰੁਦੀਨ ਨੇ ਉਹ ਤੁਕਾਂ ਪੜ੍ਹੀਆਂ ਅਤੇ ਬਿਨਾਂ

# ਭਾਵਨਾ ਨੂੰ ਭਾਗ

—ਪ੍ਰੀਤਮ ਸਿੰਘ ਕਵੀ

ਕਹਿੰਦੇ ਹਨ ਕੋਈ ਭਗਤਣੀ ਅਤੇ ਇਕ ਵੇਸਵਾ ਆਹਮੋ ਸਾਹਮਣੇ ਮਕਾਨ ਵਿਚ ਰਹਿੰਦੀਆਂ ਸਨ। ਭਗਤਣੀ ਵੇਸਵਾ ਦੇ ਚੁਬਾਰੇ ਤੇ ਅੱਖ ਰਖਦੀ : ਹੁਣ ਕੌਣ ਆਇਆ ਹੈ, ਹੁਣ ਕੀਹਦੇ ਨਾਲ ਆਨੰਦ ਮਾਣੇਗੀ। ਵੇਸਵਾ ਵੀ ਭਗਤਣੀ ਦੇ ਚੁਬਾਰੇ ਦੀ ਖਿੜਕੀ ਵੱਲ ਧਿਆਨ ਰਖਦੀ। ਉਹ ਸੋਚਦੀ : ਮੈਂ ਤਾਂ ਗੁਨਾਹਾਂ ਲਿੱਬੜੀ ਹਾਂ, ਮੇਰੇ ਭਾਗਾਂ ਵਿਚ ਇਕੋ ਚੰਗੀ ਗੱਲ ਹੈ, ਸਾਹਮਣੀ ਬਾਰੀ ਵਿਚ ਰੱਬ ਦੀ ਭਗਤਣੀ ਰਹਿੰਦੀ ਹੈ, ਇਹਦੇ ਦਰਸ਼ਨ ਹੀ ਮੇਰੇ ਲਈ ਕਲਿਆਣਕਾਰੀ ਹਨ ਅਤੇ ਉਹ ਦਿਨ ਦਾ ਆਰੰਭ ਇਸ ਦੇਵੀ ਦੇ ਦਰਸ਼ਨਾਂ ਨਾਲ ਕਰਦੀ।

ਸਬੱਬ ਐਸਾ ਬਣਿਆਂ ਕਿ ਦੋਵੇਂ ਜਣੀਆਂ ਅੱਗੜ ਪਿੱਛੜ ਪ੍ਰਭੂ ਨੂੰ ਪਿਆਰੀਆਂ ਹੋ ਗਈਆਂ। ਧਰਮਰਾਜ ਦੀ ਕਚਹਿਰੀ ਵਿਚ ਗਈਆਂ। ਧਰਮਰਾਜ ਨੇ ਵੇਸਵਾ ਨੂੰ ਵੇਖ ਆਖਿਆ : ਚੱਲ ਬੀਬੀ ਦੇਵ ਲੋਕ ਨੂੰ, ਕਥਾ, ਕੀਰਤਨ, ਨਾਮ, ਬਾਣੀ ਸੁਣੋ ਕਰੋ। ਭਗਤਣੀ ਧਰਮਰਾਜ ਦੀ ਕਚਹਿਰੀ ਦੀ ਮਾਣ ਮਰਿਆਦਾ ਵੀ ਨਾ ਰਖ ਸਕੀ, ਸਰਾਸਰ ਪਿੱਟਣ ਲਗ ਪਈ : ਜੇ ਅਜਿਹੀ ਵੇਸਵਾ ਤੇ ਪਤਿਤਾ ਨੂੰ ਦੇਵ ਲੋਕ ਪ੍ਰਾਪਤ ਹੋ ਸਕਦਾ ਹੈ ਤਾਂ ਕਾਹਦਾ ਧਰਮ ਨਿਆਂ ਹੈ। ਧਰਮਰਾਜ ਨੇ ਬੀਬੀ ਨੂੰ ਸ਼ਾਂਤ ਕਰਦਿਆਂ ਹਲਕੇ ਜਿਹੇ ਨਰਕਾਂ ਦਾ ਰਸਤਾ ਵਖਾ ਦਿਤਾ। ਉਹਦੀ ਭਜਨ-ਭਗਤੀ ਦਾ ਘੁਮੰਡ ਜਾਗਿਆ ਉਹ ਅੜਕੇ ਖਲੋ ਗਈ : ਭਜਨ ਕਰਨ ਵਾਲੀ ਨੂੰ ਨਰਕ ਤੇ ਜਣੇ ਖਣੇ ਨਾਲ ਰਾਤਾਂ ਕੱਟਣ ਵਾਲੀ ਨੂੰ ਸੁਰਗ। ਕਾਹਦਾ ਇਨਸਾਫ਼ ਹੈ।

ਧਰਮਰਾਜ ਨੇ ਫੈਸਲਾ ਦਿਤਾ : ਮੇਰਾ ਨਿਆਂ ਧਿਆਨ ਤੇ ਨਿਰਭਰ ਹੈ। ਤੇਰੇ ਦਿਮਾਗ ਵਿਚ ਅਠੇ ਪਹਿਰ ਕਿਹੜੀ ਗੱਲ ਛਾਈ ਰਹੀ। ਜਿਸਨੂੰ ਵੇਸਵਾ ਕਹਿੰਦੀ ਹੈਂ ਉਹਦਾ ਚੁਬਾਰਾ ਸਦਾ ਹੀ ਤੇਰੇ ਮਸਤਕ ਵਿਚ ਰਿਹਾ। ਪਰ ਉਸਦੇ ਮਸਤਕ ਵਿਚ ਤੇਰਾ ਚੁਬਾਰਾ ਤੇ ਤੇਰੀ ਹੋਂਦ ਹੀ ਪ੍ਰਭਾਵੀ ਰਹੀ। ਹਥੋਂ ਮਾਲਾ ਫੇਰਦੀ ਸੈਂ ਮਨੋਂ ਵੇਸਵਾ ਚੁਬਾਰਾ ਝਾਕਦੀ ਸੈਂ।

ਧਰਮਾਚਾਰਯ ਏਸ ਭਾਵਨਾ ਨੂੰ ਬੁਝਦੇ ਅਤੇ ਸਮਝਦੇ ਹਨ।

---

ਕੁਝ ਕਿਹਾਂ ਤੁਰ ਪਿਆ।

ਤੈਮੂਰਲੰਗ ਨੇ ਪੁਛਿਆ, "ਕਿਥੇ ਚਲਿਆਂ ਏਂ ?"

"ਖੋਤਿਆਂ ਦੇ ਤਬੇਲੇ ਵਿਚ", ਨਸੀਰੁਦੀਨ ਨੇ ਕਿਹਾ। ×



Sri Satguru Jagjit Singh Ji eLibrary NamdhariElibrary@gmail.com

# ਅਸਾਂ ਕੀ ਜਹਾਨ ਵਿਚੋਂ ਖੱਟਿਆ

—ਤਰਲੋਕ ਮਨਸੂਰ

ਅੰਮ੍ਰਿਤ-ਵੇਲਾ ਹੈ। ਆਪਣੇ ਸਨਮੁਖ ਹੋਣ ਦੀ ਘੜੀ। ਨਾਲ ਦੇ ਪਿੰਡੋਂ ਲਾਊਡ-ਸਪੀਕਰ ਉਤੇ ਆਵਾਜ਼ ਆ ਰਹੀ ਹੈ :—"ਸਾਰੀ ਉਮਰ ਗੁਆ ਲਈ ਨੀ, ਜਿੰਦੜੀਏ ਤੂੰ ਕੀ ਜਹਾਨ ਵਿਚੋਂ ਖਟਿਆ ?"

ਦੱਸ ਤੂੰ ਕੀ ਜਹਾਨ ਵਿਚੋਂ ਖੱਟਿਆ ? ਦੇਹ ਜੁਆਬ। ਆਪਣੀ ਕਾਰਗੁਜ਼ਾਰੀ ਦੱਸ ? ਬੋਲ ਮਨਾਂ—ਤੂੰ ਕੀ ਕੁਝ ਖੱਟਿਆ ਹੈ ?

ਅੰਦਰੋਂ ਉੱਤਰ ਮਿਲਦਾ ਹੈ—ਖੱਟਿਆ ਤਾਂ ਬਹੁਤ ਕੁਝ ਹੈ। ਪੈਂਠ, ਸਾਲ ਪਹਿਲਾਂ ਇਕ ਗਰੀਬ ਪਰਿਵਾਰ ਤੇ ਪਛੜੇ ਹੋਏ ਪੇਂਡੂ ਵਾਤਾਵਰਣ ਵਿਚ ਪੈਦਾ ਹੋਕੇ ਅੱਜ ਇਕ ਚੇਤਨ ਬੁੱਧੀ ਮਨੁੱਖ ਬਣ ਗਿਆ ਹਾਂ।

ਉਦੋਂ ਅਜੇ "ਏਕ ਜਾਂ ਦੋ ਬੱਚੇ, ਹੋਤੇ ਹੈਂ ਘਰ ਮੇਂ ਅੱਛੇ।" ਦਾ ਪ੍ਰਚਾਰ ਨਹੀਂ ਸੀ ਚਲਿਆ। ਬੱਚਿਆਂ ਨੂੰ ਰੱਬੀ ਦਾਤ ਸਮਝਕੇ 'ਜੀਅ ਆਇਆ' ਆਖਿਆ ਜਾਂਦਾ ਸੀ। ਸਾਡੇ ਪਿਓ ਦੇ ਘਰ ਗੁਰੂ ਨਾਨਕ ਨੇ ਨੌਂ ਭੈਣ ਭਰਾ ਘਲੇ ਸਨ। ਛੇ ਬਚ ਗਏ ਸਾਂ ਤਿੰਨ ਮੁੜ ਵਾਹਿਗੁਰੂ ਨੂੰ ਪਿਆਰੇ ਹੋ ਗਏ ਸਨ। ਏਡੇ ਪਰਿਵਾਰ ਵਿਚ, ਜਿਥੇ ਮੁੱਖ ਸਵਾਲ ਪੇਟ ਪੂਰਤੀ ਦਾ ਹੋਵੇ, ਤਾਲੀਮ ਕਿਦੇ ਭਾਗਾਂ ਵਿਚ ਹੁੰਦੀ ਹੈ ? ਰਿੜ੍ਹ ਖਿੜ ਕੇ ਦਸਾਂ ਤਕ ਪਹੁੰਚਿਆ। ਫੌਜ ਵਿਚ ਭਰਤੀ ਹੋਇਆ ਤੇ ਫਿਰ ਚਲ ਸੋ ਚਲ।

ਉਮਰ ਭਰ ਮੈਨੂੰ ਕਿਸੇ ਅਗੇ ਹੱਥ ਨਹੀਂ ਅਡਣਾ ਪਿਆ। ਸੁੰਦਰ ਤੇ ਸਮਝਦਾਰ ਪਤਨੀ ਨਸੀਬ ਹੋਈ। ਬੱਚੇ ਸੁਘੜ, ਸੁੰਦਰ ਤੇ ਹੋਣਹਾਰ ਨਿਕਲੇ। ਦੋ ਲੜਕੇ ਹਨ, ਇਕ ਲੜਕੀ। ਸਭੇ ਗਰੈਜੂਏਟ। ਇਕ ਲੜਕਾ ਠਾਣੇਦਾਰ ਦੂਜਾ ਕੈਪਟਨ। ਦੋਹਾਂ ਨੂੰ ਪੜ੍ਹੀਆਂ ਲਿਖੀਆਂ ਤੇ ਲਾਇਕ ਬੀਵੀਆਂ ਮਿਲੀਆਂ ਹਨ। ਸੁਲਝੇ ਹੋਏ ਤੇ ਸੰਪੰਨ ਰਿਸ਼ਤੇਦਾਰ ਮਿਲੇ ਹਨ। ਆਪਸ ਵਿਚ ਬਣ ਆਈ ਹੈ। ਪੈਨਸ਼ਨ ਲੈਂਦਾ ਹਾਂ। ਗੁਜ਼ਾਰੇ ਜੋਗ ਵਧੀਆ ਮਕਾਨ ਹੈ। ਫਰਿਜ ਦਾ ਠੰਡਾ ਪਾਣੀ ਪੀਂਦਾ ਹਾਂ। ਸਕੂਟਰ ਤੇ ਸ਼ਹਿਰ ਜਾਂਦਾ ਹਾਂ। ਰਾਤ ਨੂੰ ਟੀ. ਵੀ. ਅਗੇ ਬੈਠਦਾ ਹਾਂ।

ਦੁਨੀਆਂ ਦੇ ਹਰ ਵਿਖਿਆਤ ਲੇਖਕ ਨੂੰ ਪੜ੍ਹਿਆ ਹੈ। ਗੁਰੂ ਗ੍ਰੰਥ ਸਾਹਿਬ ਤੇ ਗੀਤਾ ਦਾ ਅਧਿਅਨ ਕੀਤਾ ਹੈ। ਡਾ: ਰਾਧਾ ਕ੍ਰਿਸ਼ਨਨ ਤੇ ਸਵਾਮੀ ਵਿਵੇਕਾਨੰਦ ਆਦਿ ਅਧਿਆਤਮਕ ਦਾਰਸ਼ਨਿਕਾਂ ਨਾਲ ਸਾਂਝ ਪਾਈ ਹੈ। ਧਰਮ ਤੇ ਰਾਜਨੀਤੀ ਮੇਰੇ ਮਨ-ਭਾਉਂਦੇ ਵਿਸ਼ੇ ਰਹੇ ਹਨ। ਮੈਂ ਪਿਛਲੇ ਤੀਹ ਪੈਂਤੀ ਸਾਲਾਂ ਤੋਂ ਲਗਾਤਾਰ ਸਾਹਿਤ ਰਚਨਾ ਕਰ ਰਿਹਾ ਹਾਂ। ਮੇਰੀਆਂ ਕਿਰਤਾਂ ਬਾਹਰਲੇ ਦੇਸ਼ਾਂ ਵਿਚ ਛਪੀਆਂ ਹਨ। ਮੈਂ ਅਣਗਿਣਤ ਪਾਠਕਾਂ ਦਾ ਮਹਿਬੂਬ ਬਣਿਆ ਹਾਂ। ਪੰਜਾਬੀ ਦੇ ਸਿਰਕੱਢ ਸਾਹਿਤਕਾਰ ਯਾਰ ਬਣਾਏ ਹਨ। ਗੋਸ਼ਟੀਆਂ ਵਿਚ ਮੇਰੀ ਪੁੱਛ ਪਰਤੀਤ ਹੁੰਦੀ ਹੈ। ਇਲਾਕੇ ਵਿਚ ਮੇਰਾ ਮਾਨ-ਸਤਿਕਾਰ ਹੈ। ਮੈਨੂੰ ਹੋਰ ਕੀ ਚਾਹੀਦਾ ਹੈ ? ਥੋੜੀ ਹੈ ਇਹ ਖੱਟੀ ?

ਕੀ ਖੱਟੀ ਹੈ ? ਅੰਦਰੋਂ ਕੋਈ ਤਰਕ ਤੇ ਤੁਲ ਗਿਆ ਲਗਦਾ ਹੈ।

ਕੀ ਖੱਟੀ ਏ ? ਤੇਰੇ ਨਾਲ ਦੇ ਅਰਬਾਂ-ਪਤੀ ਹੋ ਗਏ। ਮਨਿਸਟਰੀਆਂ ਨੂੰ ਹੱਥ ਮਾਰ ਗਏ। ਕਾਰਾਂ ਤੇ ਘੁਮਦੇ ਹਨ। ਅੱਜ ਭਾਰਤ ਵਿਚ ਹੁੰਦੇ ਹਨ, ਕਲ੍ਹ ਅਮਰੀਕਾ ਤੇ ਪਰਸੋਂ ਰੂਸ ਵਿਚ। ਲੰਮੇ ਕਾਰੋਬਾਰ ਫੈਲਾ ਲਏ ਤੇਰੇ ਸਹਿਪਾਠੀਆਂ ਨੇ। ਕਾਰਖਾਨੇ ਚਲਦੇ ਹਨ। ਕੋਠੀਆਂ ਪਾਈਆਂ ਹਨ ਕਿ ਮਹਾਰਾਜਿਆਂ ਦੇ ਮਹੱਲ ਸ਼ਰਮਸਾਰ ਹੋਏ ਖਲੋਤੇ ਹਨ। ਤੂੰ ਕਾਹਦੇ ਤੇ ਸ਼ੁਕਰ ਸਬਰ ਕਰੀ ਬੈਠਾ ਹੈਂ ? ਲੋਕ ਤਾਂ ਇਤਿਹਾਸ ਬਣਾ ਜਾਂਦੇ ਹਨ। ਉਹਨਾਂ ਦੇ ਨਾਂਅ ਸਮੇਂ ਦੀ ਹਿਕ ਤੇ ਉਕਰੇ ਜਾਂਦੇ ਹਨ। ਤੂੰ ਕਿਹੜੀ ਕਮਾਈ ਕਰ ਲਈ ਹੈ ?

ਮੈਂ ਮਹਾਂ-ਸੁਖੀ ਹਾਂ। ਜਿੰਨੇ ਵਿਚ ਹਾਂ ਸੰਤੁਸ਼ਟ ਹਾਂ। ਮੈਂ ਮਹੱਲ-ਮਾੜੀਆਂ ਸਿਰ 'ਚ ਮਾਰਨੇ ਨੇ ? ਇਹ ਦੁਨਿਆਵੀ ਕੂੜਾ ਕਰਕਟ ਜਿੰਨਾਂ ਮਰਜ਼ੀ ਇਕੱਠਾ ਕਰ ਲਵੋ, ਅਖੀਰ ਏਥੇ ਹੀ ਰਹਿ ਜਾਣਾ ਹੈ।

ਮੈਂ ਆਪਣੇ ਆਪ ਨੂੰ ਸਮਝਾਣਾ ਚਾਹੁੰਦਾ ਹਾਂ, ਪਰ ਨੁਕਤਾ-ਚੀਂ ਮਨ ਨਹੀਂ ਮੰਨਦਾ—ਪਲਾਇਨਵਾਦੀ, ਭਗੋੜਾ, ਬੁਜ਼ਦਿਲ, ਜ਼ਿੰਦਗੀ ਦੇ ਸੰਘਰਸ਼ ਤੋਂ ਮੂੰਹ ਮੋੜਦਾ ਹੈਂ ? ਕੀ ਕਮਾਈ ਕੀਤੀ ਆ ?

ਇਹ ਦੁਬਿਧਾ ਹਰ ਚੇਤੰਨ-ਬੁੱਧੀ ਮਨੁੱਖ ਦਾ ਦੁਖਾਂਤ ਹੈ। ਸੰਵੇਦਨਸ਼ੀਲ ਮਨੁੱਖ ਦਾ ਮਨ ਪਾਰੇ ਦੀ ਗੋਲੀ ਵਾਂਗ ਹੈ—ਅਸਥਿਰ। ਇਕ ਪਲ ਆਪਣੀਆਂ ਪਰਾਪਤੀਆਂ ਨਾਲ ਸੰਤੁਸ਼ਟ ਹੋ ਜਾਂਦਾ ਹੈ। ਦੂਜੇ ਛਿਣ ਫਿਰ ਉਹੀ ਪ੍ਰਸ਼ਨ—ਦੱਸ ਤੂੰ ਕੀ ਜਹਾਨ ਵਿਚੋਂ ਖੱਟਿਆ ?

ਕਦੇ ਗ਼ਾਲਿਬ ਨੇ ਗਾਂਵਿਆਂ ਸੀ :—ਇਸ਼ਕ ਨੇ ਗ਼ਾਲਿਬ ਨਿਕੰਮਾ ਕਰ ਦੀਆ, ਵਰਨਾ ਹਮ ਭੀ ਆਦਮੀ ਥੇ ਕਾਮ ਕੇ।

ਹਾਏ ਮੇਰੀ ਬੇਬਸੀ : ਮੈਨੂੰ ਮੇਰੀ ਚੇਤੰਨਤਾ ਨੇ ਮਾਰਿਆ—ਨਹੀਂ ਤੇ ਖਵਰੇ ਮੈਂ ਵੀ ਕੰਮ ਦਾ ਬੰਦਾ ਹੁੰਦਾ ?

★


Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਦਾਇਰੇ

—ਗੁਰਮੀਤ ਪਲਾਹੀ—

ਦਾਇਰਿਆਂ ਦਾ ਇੱਕ ਅਹਿਸਾਸ,
ਦਾਇਰਿਆਂ ਸੰਗ ਤੁਰ ਰਿਹਾ,
ਕਿਧਰੇ ਨਾ ਕੋਈ ਮੋੜ ਹੈ,
ਕਿੰਨੇ ਸਿੱਧੇ ਸਪਾਟ ਹੈਨ ਇਹ ਦਾਇਰੇ,
ਦੁਸ਼ਮਣ ਇੱਕ ਪਾਸੇ, ਮਿੱਤਰ ਇੱਕ ਪਾਸੇ ।

ਇੱਕ ਦਾਇਰਾ ਮਜ਼ਹਬ ਦਾ,
ਹਿੰਦੂ ਦਾ, ਸਿੱਖ ਦਾ, ਮੁਸਲਿਮ ਦਾ,
ਇੱਕ ਦਾਇਰਾ ਤੰਗ ਨਜ਼ਰ ਸੋਚਣੀ ਦਾ,
ਇਕ ਦਾਇਰਾ ਰੰਗਾਂ ਦੇ ਫਿੱਕੇਪਨ ਦਾ,
ਇਕ ਦਾਇਰਾ ਆਦਮੀਅਤ ਦੀ ਸੋਚਣੀ ਦਾ,
ਇਕ ਦਾਇਰਾ ਔਰਤ ਦੇ ਅੰਧਕਾਰ ਦਾ,
ਇਸ ਦਾਇਰੇ ਸੰਗ ਸਾਡਾ,
ਕੀ ਰਿਸ਼ਤਾ ਹੈ ? ਕੀ ਨਾਤਾ ਹੈ ?
ਇਸ ਦਾਇਰੇ ਨੂੰ ਅਸੀਂ ਕਿਉਂ ?
ਤੋੜ ਨਾ ਸਕੀਏ ?
ਇਸ ਦਾਇਰੇ ਤੋਂ ਕਿਉਂ,
ਮੁੱਖ ਮੋੜ ਨਾ ਸਕੀਏ ?

ਇਹ ਦਾਇਰੇ ਸਾਡੀ ਜ਼ਿੰਦਗੀ ਦੇ
ਸੁਲਤਾਨ ਕਿਉਂ ਹਨ ?
ਇਹ ਦਾਇਰੇ ਹੀ ਸਾਡੀ ਜ਼ਿੰਦਗੀ ਦੀ,
ਦਾਸਤਾਨ ਕਿਉਂ ਹਨ ?
ਇਹ ਦਾਇਰੇ ਰਿਸ਼ਤਿਆਂ ਦੇ,
ਇਹ ਦਾਇਰੇ ਮਜ਼ਹਬ ਦੇ,
ਇਹ ਦਾਇਰੇ ਜਾਤਾਂ ਦੇ,
ਇਹ ਦਾਇਰੇ ਬੋਲੀ ਦੇ,
ਇਹ ਦਾਇਰੇ ਸ਼ਹਿਰਾਂ ਦੇਸ਼ਾਂ ਦੇ,
ਸਾਡੇ ਲਈ ਕਬਰਸਤਾਨ ਕਿਉਂ ਹਨ ?
ਇਹ ਦਾਇਰੇ, ਇਹ ਚੱਕਰ
ਇਹ ਬੰਦਸ਼ਾਂ,
ਇਹ ਬੇ-ਗਾਨਗੀ,
ਇਹ ਨਫ਼ਰਤ, ਇਹ ਸਾੜੇ ਹੀ,
ਅੱਜ ਆਦਮੀ ਦੀ,
ਪਹਿਚਾਨ ਕਿਉਂ ਹਨ ?

ਇਨ੍ਹਾਂ ਦਾਇਰਿਆਂ ਹੱਥ ਬੰਦੂਕਾਂ ਕਿਉਂ ?
ਤਲਵਾਰ ਕਿਉਂ ?
ਤ੍ਰਿਸ਼ੂਲ ਕਿਉਂ ?
ਇਹ ਤਾਂ ਕਹਿਣੀ ਲਈ,
ਸੱਚ ਦੇ ਦਾਇਰੇ ਹਨ ।
ਅਮਨ ਲਈ ਪਹਿਰੇ ਹਨ ।
ਤਦ ਗਲੀਆਂ ਵਿਚ ਅੰਧਕਾਰ ਕਿਉਂ ?
ਤਦ 'ਸੱਚ ਦੇ ਹੱਥ' ਤਲਵਾਰ ਕਿਉਂ ?
ਤਦ ਹਰ ਥਾਂ ਲਹੂ ਦੀ ਧਾਰ ਕਿਉਂ ?
ਤਦ ਮਨੁੱਖ, ਮਨੁੱਖ ਹੱਥੋਂ ਬੇਜ਼ਾਰ ਕਿਉਂ ?
ਤਦ ਧਰਮ ਨੂੰ, ਧਰਮ ਹੱਥੋਂ ਧਤਕਾਰ ਕਿਉਂ ?
ਤਦ ਝੂਠੇ ਸੱਚ ਦਾ ਕਰਨ ਵਿਉਪਾਰ ਕਿਉਂ ?
ਇਹ ਦਾਇਰਿਆਂ ਦੀ ਕੇਹੀ ਗਾਥਾ ਹੈ ?
ਤਦ ਦਾਇਰਿਆਂ ਸੰਗ,
ਮੇਰਾ ਕੀ ਨਾਤਾ ਹੈ ?



Sri Satguru Jagjit Singh Ji eLibrary NamdhariElibrary@gmail.com

ਹਿੰਦੀ ਗ਼ਜ਼ਲ

# ਦਿਲੀ ਵਾਲੋਂ ਸੇ

**ਨੂਰ ਸੰਤੋਖਪੁਰੀ**

ਕੁੱਛ ਤੋ ਅਮਲ ਮੇ ਲਾਈਏ ਜਨਾਬ।
ਯੂੰ ਖਾਮੋਸ਼ ਮਤ ਹੋ ਜਾਈਏ ਜਨਾਬ।

ਇਸ ਗਾਂਵ ਕੀ ਹਵਾ ਮੇਂ ਦਰਦ ਬਹਿਤਾ ਹੈ,
ਚੰਦ ਆਂਸੂ ਤੋਂ ਆਪ ਬਹਾਈਏ ਜਨਾਬ।

ਦਰਦ ਕੀ ਪਹਿਚਾਨ ਹੋ ਜਾਏਗੀ,
ਮੇਰਾ ਪੰਜਾਬ ਦੇਖ ਜਾਈਏ ਜਨਾਬ।

ਦਿਲ ਗ਼ਮ ਸੇ ਬਹੁਤ ਹੀ ਬੇਜ਼ਾਰ ਹੈ,
ਯੂੰ ਚੁਟਕਲੇ ਮਤ ਸੁਣਾਈਏ ਜਨਾਬ।

ਬੇਗਾਨੋਂ ਕੀ ਤਰਹ ਬਾਤ ਨਾ ਕੀਜੀਏ,
ਹਮਕੋ ਅਪਨਾ ਬਨਾਈਏ ਜਨਾਬ।

ਆਪਕੇ ਲੀਏ ਕਿਆ ਮੁਸ਼ਕਿਲ ਹੈ?
ਹਮਾਰੀ ਉਲਝਨੇਂ ਸੁਲਝਾਈਏ ਜਨਾਬ।

ਇਨ ਚੇਹਰੋਂ ਪੇ ਆਤੰਕ ਅੰਕਿਤ ਹੈ,
ਇਨਕਾ ਮਜ਼ਾਕ ਮਤ ਉਡਾਈਏ ਜਨਾਬ।

ਜ਼ਿੰਦਗੀ ਰਹੀ ਦੂਰ ਮੌਤ ਜੀ ਰਹੇ ਹੈਂ,
ਕਹੀਂ ਸੇ ਆਬੇ-ਹਯਾਤ ਲਾਈਏ ਜਨਾਬ।

ਹਮੇਂ ਗਲੇ ਸੇ ਅਪਨੇ ਲਗਾ ਲੀਜੀਏ,
ਇਸ ਤਰ੍ਹਾ ਮਤ ਠੁਕਰਾਈਏ ਜਨਾਬ।

ਖ਼ੁਦਾ ਕੇ ਵਾਸਤੇ ਕੁਛ ਤੋ ਕੀਜੀਏ,
ਬਿਯਾਨੋਂ ਸੇ ਮਤ ਬਹਿਲਾਈਏ ਜਨਾਬ।

ਮਹੱਲਾ ਸੰਤੋਖ ਪੁਰਾ,
ਜਲੰਧਰ-੧੪੪੦੦੪

# ਗ਼ਜ਼ਲ

**ਗੁਰਭਜਨ ਸਿੰਘ**

ਜਰ ਲੀਤੇ ਲਖ ਪਥਰ ਧੀਰਜ ਹਰਿਆ ਨਾ।
ਬੇਰੁਖੀਆਂ ਦਾ ਫੁਲ ਇਹ ਜਾਂਦਾ ਜਰਿਆ ਨਾ।

ਸਾਰਾ ਦਿਨ ਦਰਵਾਜ਼ੇ ਬਹਿਕੇ ਤੁਰ ਆਇਆ,
ਕੌੜਾ ਫਿਕਾ ਕੁਝ ਵੀ ਉਸਤੋਂ ਸਰਿਆ ਨਾ।

ਕੌੜੇ ਫਿਕੇ ਲਿਖ ਖਿਆਲ ਛਪਾਏ ਪਰ,
ਇਕ ਗਿਲਾ ਵੀ ਉਹਦੀ ਨਜ਼ਰੇ ਚੜਿਆ ਨਾ।

ਨਿਗਲ ਗਿਆ ਉਹ ਪਾਰਾ ਸਾਰਾ ਊਜਾਂ ਦਾ,
ਫਿਰ ਵੀ ਵੇਖੋ ਸਿਰੜੀ ਕੈਸਾ ਮਰਿਆ ਨਾ।

ਵਿਚ ਕੁਠਾਲੀ ਉਮਰਾ ਓਸ ਲੰਘਾ ਦਿਤੀ,
ਉਹਦੇ ਗਲੇ ਲਈ ਗਿਆ ਉਹ ਐਪਰ ਘੜਿਆ ਨਾ।

ਉਹਦੇ ਨਾਂ ਦੇ ਨਾਲ ਉਹਦਾ ਨਾਂ ਜੁੜਦਾ ਏ,
ਫਿਰ ਵੀ ਬੇੜੀ ਬਹਿਕੇ ਲੋਹਾ ਤਰਿਆ ਨਾ।

ਸਾਰਾ ਦਿਨ ਤਸਵੀਰ ਉਹਦੀ ਅਜ ਦੇਖੀ ਏ,
ਵਧ ਗਈ ਬੇਚੈਨੀ ਜੀਊੜਾ ਭਰਿਆ ਨਾ।

---

## ਯਾਰ ਲੋਕ

ਯਾਰ ਲੋਕ ਨੇ ਕਿੰਨੇ ਚਾਲਾਕ ਅੱਜ ਕੱਲ,
ਦੋਹਾਂ ਪਾਸਿਆਂ ਵੱਲ ਧਿਆਨ ਰਖਦੇ।
ਇਕ ਪਾਸੇ ਤਾਂ ਕੁਫਰ ਦੀ ਭਰਨ ਹਾਮੀ,
ਦੂਜੇ ਬਗਲ ਦੇ ਵਿਚ ਕੁਰਾਨ ਰਖਦੇ।
ਬੈਠੇ ਰਹਿਣ ਸ਼ਤਰੰਜ ਦੇ ਜਿਵੇਂ ਮੋਹਰੇ,
ਸ਼ਾਤਰ ਬਹੁਤ ਪਛਾਣ ਪਛਾਣ ਰਖਦੇ।
ਇਕ ਦੂਸਰੇ ਤੇ ਵਾਰ ਕਰਨ ਖਾਤਰ,
ਖਿੱਚੀ ਸਾਜ਼ਸ਼ੀ ਸਦਾ ਕਮਾਨ ਰਖਦੇ।

ਮੂਲ : ਸੂਫੀ ਸ਼ਹੀਦ ਸਰਮਦ
ਪੰਜਾਬੀ ਰੂਪ—ਸਵ: ਸੂਬਾ ਸਿੰਘ


Sri Satguru Jagjit Singh Ji eLibrary NamdhariElibrary@gmail.com

# ਛਿਲਤਰਾਂ

—ਚਿੱਤਰਕਲਾ ਦੀ ਨੁਮਾਇਸ਼ ਵਿਚ ਇਕ ਆਲੋਚਕ ਨੇ, ਜਿਸ ਨੂੰ ਕਿ ਆਪਣੀ ਸਖਤ ਆਲੋਚਨਾ 'ਤੇ ਮਾਣ ਸੀ, ਸੱਤ੍ਰਾਂ ਸਾਲਾਂ ਦੇ ਚਿੱਤਰਕਾਰ, ਐਬੇ ਵਾਲਕੋਟਿਵਜ਼ ਨੂੰ ਕਿਹਾ, "ਸੁਣਿਆ ਏ ਕਿ ਤੁਹਾਡੀਆਂ ਅੱਖਾਂ ਦਾ ਅਪਰੇਸ਼ਨ ਹੋਣ ਵਾਲਾ ਏ। ਕੀ ਉਸ ਪਿੱਛੋਂ ਤੁਹਾਡੀ ਨਜ਼ਰ ਚਿੱਤਰ ਬਣਾਉਣ ਲਾਇਕ ਹੋ ਜਾਵੇਗੀ?"

"ਆਸ ਤਾਂ ਹੈ", ਵਾਲਕੋਵਿਟਜ਼ ਨੇ ਕਿਹਾ, "ਪਰ ਜੇ ਨਜ਼ਰ ਜਵਾਬ ਦੇ ਗਈ ਤਾਂ ਫੇਰ ਮੈਂ ਚਿੱਤਰ ਬਣਾਉਣ ਦੀ ਥਾਂ ਆਲੋਚਨਾ ਕਰਨ ਲਗਾਂਗਾ। ਆਲੋਚਨਾ ਕਰਨ ਲਈ ਨਜ਼ਰ ਦੀ ਲੋੜ ਨਹੀਂ ਪੈਂਦੀ।"

—0—

—ਇਕ ਨੌਜਵਾਨ ਸੰਸਾਰ ਪ੍ਰਸਿੱਧ ਸੰਗੀਤਕਾਰ, ਮੋਜ਼ਾਰਟ ਕੋਲ ਸਲਾਹ ਲੈਣ ਗਿਆ ਕਿ ਉਹ ਚੰਗਾ ਸੰਗੀਤਕਾਰ ਕਿਵੇਂ ਬਣੇ?

ਮੋਜ਼ਾਰਟ ਨੇ ਕਿਹਾ: "ਸਭ ਤੋਂ ਪਹਿਲਾਂ ਸਾਦੀਆਂ ਸੰਗੀਤ-ਰਚਨਾਵਾਂ ਸਿਰਜੋ।"

"ਪਰ ਤੁਸੀਂ ਤਾਂ ਬਹੁਤ ਛੋਟੀ ਉਮਰ ਵਿਚ ਹੀ 'ਸਿਫੰਨੀਆਂ' ਦੀ ਸਿਰਜਣਾ ਕਰਨੀ ਸ਼ੁਰੂ ਕਰ ਦਿੱਤੀ ਸੀ।" ਨੌਜਵਾਨ ਨੇ ਕਿਹਾ।

"ਹਾਂ। ਪਰ ਤਦ ਮੈਂ ਕਿਸੇ ਕੋਲੋਂ ਸਲਾਹ ਲੈਣ ਨਹੀਂ ਸੀ ਗਿਆ ਕਿ ਚੰਗਾ ਸੰਗੀਤਕਾਰ ਕਿਵੇਂ ਬਣਾਂ।"

—ਪੰਜਾਬੀ ਟ੍ਰਿਬਿਊਨ
੨੪-੫-੮੭

—0—

ਇੰਨੇ ਸਾਲਾਂ ਤੋਂ ਪੰਜਾਬ ਦਾ ਖੂਨ ਲਗਾਤਾਰ ਵਗਦਾ ਚਲਿਆ ਆ ਰਿਹਾ ਹੈ। ਪਰ ਇਸ ਖੂਨ ਦੇ ਸੋਹਲੇ ਗਾਉਣ ਵਾਲਾ ਹਾਲਾਂ ਕੋਈ ਨਹੀਂ ਨਿਤਰਿਆ। ਗੁਰੂ ਨਾਨਕ ਦੇ ਇਕ ਵਾਰ ਦੇ ਗਾਏ ਖੂਨ ਦੇ ਸੋਹਲੇ ਸਦੀਆਂ ਤੋਂ ਪੰਜਾਬ ਵਿਚ ਗੂੰਜਦੇ ਚਲੇ ਆ ਰਹੇ ਹਨ:—

ਖੂਨ ਕੇ ਸੋਹਿਲੇ ਗਾਵੀਅਹਿ ਨਾਨਕ
ਰਤੁ ਕਾ ਕੁੰਗੂ ਪਾਇ ਵੇ ਲਾਲੋ।

ਹੋ ਸਕਦਾ ਹੈ ਕਿ ਅੱਜ ਕੋਈ ਖੂਨ ਦੇ ਸੋਹਲਿਆਂ ਦਾ ਮੁੱਲ ਪਾਉਣ ਵਾਲਾ ਨਾ ਹੋਵੇ। ਪੰਜਾਬ ਵਿਚ ਜ਼ੁਲਮ ਵਿਰੁਧ ਆਵਾਜ਼ ਪੂਰੇ ਜ਼ੋਰ ਨਾਲ ਨਹੀਂ ਉਭਰ ਰਹੀ। ਹਾਲਾਤ ਤੇਜ਼ੀ ਨਾਲ ਵਿਗੜਦੇ ਜਾ ਰਹੇ ਹਨ। ਨਵੇਂ ਘਲੂਘਾਰੇ ਦੀ ਸੂਰਤ ਬਣਦੀ ਜਾ ਰਹੀ ਹੈ। ਬੇਗੁਨਾਹ ਔਰਤਾਂ, ਬੱਚਿਆਂ ਅਤੇ ਪੁਰਖਾਂ ਦੇ ਖੂਨ ਦਾ ਹਰ ਟੇਪਾ ਨਵੀਂ ਖੂਨੀ ਹੋਣੀ ਨੂੰ ਜਨਮ ਦੇ ਰਿਹਾ ਹੈ।

... ... ...

ਜਸਵੰਤ ਸਿੰਘ ਕੰਵਲ ਨੇ ਅੰਦਰੂਨੀ ਖੁਦਮੁਖਤਾਰੀ ਦੀ ਗੱਲ ਵਾਰ ਵਾਰ ਦੁਹਰਾਈ ਹੈ। ਉਹਨੂੰ ਇਹ ਸਮਝ ਹੋਣੀ ਚਾਹੀਦੀ ਹੈ ਕਿ ਇਹ ਸਿੱਖਾਂ ਦਾ ਮਸਲਾ ਨਹੀਂ। ਇਹ ਮਸਲਾ ਹੁਣ ਹਿੰਦੁਸਤਾਨ ਦੀ ਅਸਲੀ ਸਿਆਸਤ ਬਣ ਚੁੱਕਾ ਹੈ। ਇਸ ਕਾਰਨ ਸਰਕਾਰੀਆ ਕਮਿਸ਼ਨ ਦੀ ਵੀ ਹੁਣ ਇੰਨੀ ਵੁਕੱਤ ਨਹੀਂ ਰਹੀ। ਪੰਜਾਬ ਵਿਚ ਗੋਲੀ ਦੀ ਅੰਨ੍ਹੀ ਵਰਤੋਂ, ਹਿੰਸਾ ਦੀਆਂ ਲਹੂ ਲਿਬੜੀਆਂ ਕਾਰਵਾਈਆਂ, ਹਿੰਦੂਆਂ ਵਿਰੁਧ ਨਫਰਤ ਦਾ ਪ੍ਰਚਾਰ, ਰਾਗੀਆਂ, ਗ੍ਰੰਥੀਆਂ ਅਤੇ ਧਾਰਮਿਕ ਪ੍ਰਚਾਰਕਾਂ ਦਾ ਸਿਆਸਤ ਵਿਚ ਦਖਲ, ਸੂਬਾਈ ਖੁਦਮੁਖਤਾਰੀ ਵਿਰੁਧ ਦਲੀਲਾਂ ਹਨ। ਇਹ ਸਭ ਕੁਝ ਖਤਮ ਕਰ ਕੇ ਹੀ ਸਿੱਖ ਹਿੰਦੁਸਤਾਨੀ ਸਿਆਸਤ ਵਿਚ ਹਿੱਸਾ ਪਾ ਸਕਦੇ ਹਨ।

—ਡਾਕਟਰ ਹਰੀ ਸਿੰਘ
ਪੰਜਾਬੀ ਟ੍ਰਿਬਿਊਨ ੨੪-੫-੧੯੮੭

—0—

## ਤਖ਼ੱਲਸ—ਇਕ ਬੇਫਜ਼ੂਲ ਸ਼ਬਦ

ਜੇ ਪਤੰਗ ਠੀਕ ਢੰਗ ਦਾ ਬਣਿਆ ਹੋਵੇ ਤਾਂ ਉਹ ਲਾਂਗੜ ਨਹੀਂ ਮੰਗਦਾ। ਏਨੇ ਸੋਹਣੇ ਕੋਮਲ ਜਿਹੇ ਕਾਗਜ਼ ਦੇ ਥੱਲੇ ਇਕ ਭੱਦਾ ਚੀਥੜਾ ਕੋਈ ਕਿਉਂ ਬੰਨੇ? ਮੈਂ ਜਦ ਵੀ ਕਿਸੇ ਸ਼ਾਇਰ ਦੇ ਨਾਉਂ ਨਾਲ ਕੋਈ ਤਖੱਲਸ ਜੁੜਿਆ ਪੜ੍ਹਦਾ ਹਾਂ ਤਾਂ ਉਹਦਾ ਇਕੋ ਨਤੀਜਾ ਕਢਦਾ ਹਾਂ—ਇਹ ਆਪਣੇ ਨਾਉਂ ਨਾਲ ਸੰਤੁਸ਼ਟ ਨਹੀਂ। ਇਹ ਜਿੰਨੀ ਵਾਰ ਉਹ ਫ਼ਾਲਤੂ ਸ਼ਬਦ ਵਰਤਦਾ ਹੈ ਉਤਨੀ ਵਾਰ ਆਪਣਾ ਨਾਉਂ ਰਖਣ ਵਾਲੇ ਮਾਂ ਬਾਪ ਨੂੰ ਉਹਨਾਂ ਦੀ ਨਾਲਾਇਕੀ ਲਈ ਕੋਸਦਾ ਹੈ। ਤੁਸੀਂ ਆਪੇ ਸੋਚੋ ਜੇ ਵਾਰਸ ਸ਼ਾਹ, ਸ਼ੇਖ ਫਰੀਦ ਜਿਹੇ ਮਹਾਂਰਥੀਆਂ ਨੇ ਤਖ਼ੱਲਸ ਨਹੀਂ ਰਖੇ ਤਾਂ ਕੀ ਉਹਨਾਂ ਦੀ ਕਵਿਤਾ ਲੰਗ ਮਾਰ ਕੇ ਤੁਰਦੀ ਹੈ? ਅੰਮ੍ਰਿਤਾ ਪ੍ਰੀਤਮ ਉਸਤੋਂ ਬਿਨਾਂ ਹੀ ਗਿਆਨ ਪੀਠ ਦਾ ਐਵਾਰਡ ਲਈ ਬੈਠੀ ਹੈ। ਰਾਬਿੰਦਰ ਨਾਥ ਟੈਗੋਰ ਤਾਂ ਹੋਰ ਵੀ ਦੋ ਕਦਮ ਅੱਗੇ ਲੰਘ ਗਿਆ ਸੀ, ਨੋਬੈਲ ਪ੍ਰਾਈਜ਼ ਖੀਸੇ ਪਾਕੇ...

—ਮਹਿੰਦਰ ਸਿੰਘ ਜੋਸ਼ੀ
ਆਰਸੀ ਮਈ ੧੯੮੭

ਇਤਿਹਾਸ ਦੇ ਪਤਰੇ

# ਸ੍ਰੀ ਹਰਿ ਕ੍ਰਿਸ਼ਨ ਧਿਆਈਐ

—ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)

---

੧੯ ਜੁਲਾਈ ਨੂੰ ਗੁਰੂ ਹਰਿ ਕ੍ਰਿਸ਼ਨ ਜੀ ਦੇ
ਅਵਤਾਰ ਦਿਵਸ ਤੇ

---

ਸਾਹਿਬ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਠਵੀਂ ਜੋਤ ਸਨ ਜੋ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਅਠਵੇਂ ਗੱਦੀ-ਨਸ਼ੀਨ ਹੋਏ। ਉਹਨਾਂ ਨੂੰ ਬਾਲ-ਅਵਸਥਾ ਵਿਚ ਗੁਰਗਦੀ ਪ੍ਰਾਪਤ ਹੋਈ ਪਰ ਆਪ ਜੀ ਨੇ ਬੜੀ ਸਿਆਣਪ ਤੇ ਸੁਘੜਤਾ ਨਾਲ ਇਹ ਜੁੰਮੇਵਾਰੀ ਨਿਭਾਈ ਅਤੇ ਦੁਨੀਆਂ ਦੇ ਪੀਰਾਂ ਫਕੀਰਾਂ ਨੂੰ ਆਪਣੀ ਵਿਦਵਤਾ ਨਾਲ ਹੈਰਾਨ ਕੀਤਾ ਅਤੇ ਸਿੱਖ ਧਰਮ ਨੂੰ ਅਨੋਖੀ ਸੇਧ ਦਿਤੀ ਅਤੇ ਸਿੱਖਾਂ ਵਿਚ ਦਲੇਰੀ ਦਾ ਸੰਚਾਰ ਕੀਤਾ ਅਤੇ ਆਪ ਨੇ ਔਰੰਗਜ਼ੇਬ ਨੂੰ ਮਿਲਣ ਤੋਂ ਇਨਕਾਰ ਕਰ ਦਿਤਾ।

ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ ਜਨਮ ਸੋਮਵਾਰ ੮ ਸਾਵਣ (ਵਦੀ ੧੦) ਸੰਮਤ ੧੭੧੩ (੭ ਜੁਲਾਈ ਸੰਨ ੧੬੫੬) ਨੂੰ ਕੀਰਤਪੁਰ ਵਿਖੇ ਸ੍ਰੀ ਗੁਰੂ ਹਰਿ ਰਾਏ ਜੀ ਦੇ ਘਰ ਮਾਤਾ ਕ੍ਰਿਸ਼ਨ ਕੌਰ ਜੀ ਦੇ ਉਦਰ ਤੋਂ ਹੋਇਆ੧। ਸਰੂਪ ਦਾਸ ਜੀ ਭੱਲਾ੨ ਉਹਨਾਂ ਦੇ ਮਾਤਾ ਪਿਤਾ ਬਾਰੇ ਲਿਖਦੇ ਹਨ :—

ਦੋਹਰਾ

ਸੋਢੀ ਗੁਰ ਹਰਿ ਰਾਇ ਜੀ ਪਿਤਾ ਸੁਲਖਨੀ ਮਾਤ।
ਬਿਸਨ ਰੂਪ ਹਰਿ ਕ੍ਰਿਸ਼ਨ ਗੁਰ ਜਪੱ ਤਾਸ ਦਿਨ ਰਾਤ। ੩੨।

ਆਪ ਜੀ ਬਚਪਨ ਤੋਂ ਹੀ ਭਗਤੀ ਭਾਵ ਵਾਲੇ, ਅਕਾਲ ਪੁਰਖ ਦੇ ਭੈ ਮੰਨਣ ਵਾਲੇ ਅਤੇ ਆਗਿਆਕਾਰੀ ਸਪੁਤਰ ਸਨ। ਆਪ ਜੀ ਸੁੰਦਰ ਸਰੂਪ ਅਤੇ ਮਿੱਠ ਬੋਲੜੇ ਸਨ। ਆਪ ਜੀ ਨੂੰ ਹੋਰ ਹਰ ਕੋਈ ਬਹੁਤ ਪਿਆਰ ਕਰਦਾ। ਗੁਰੂ ਹਰਿ ਰਾਇ ਜੀ ਵੀ ਹਰਿ ਕ੍ਰਿਸ਼ਨ ਜੀ ਲਈ ਬਹੁਤ ਸਨੇਹ ਰਖਦੇ ਸਨ। ਬਾਵਾ ਸਰੂਪ ਦਾਸ ਭੱਲਾ੩ ਹਰਿ ਕ੍ਰਿਸ਼ਨ ਜੀ ਦੇ ਸਰੂਪ ਬਾਰੇ ਲਿਖਦੇ ਹਨ :—

ਸੋਰਠ

ਸਤਿਗੁਰ ਬਾਲ ਮੁਕੰਦ ਅਦਭੁਤ ਸੁੰਦਰ ਰੂਪ ਧਾਰ,
ਮੂਰਤ ਪਰਮਾਨੰਦ ਹਰਖ ਸੋਗ ਜਾਕੇ ਨਹੀਂ। ੧।
ਚੌਪਈ॥ ਕਮਲ ਨੈਨ ਸੁੰਦਰ ਛਬ ਸੋਹੈ।
ਕ੍ਰਿਪਾ ਕਟਾਛ ਆਪਨ ਮਤ ਸੋਹੈ।
ਸੁੰਦਰ ਅਲਕੈਂ ਮੁਖ ਚੰਦ ਪਰਕਾਸ।
ਜਿਉਂ ਗੰਗਾ ਢਿਗ ਜਮਨ ਨਿਵਾਸ। ੨।
ਤਿਲਕ ਰੇਖ ਨਾਮ ਦੁਤ ਮਾਥੇ।
ਵੈ ਗੁਰ ਭਗਤ ਕੇ ਚਾਲਤ ਸਾਥੇ।
ਗਿਆਨ ਬਿਗਿਆਨ ਕੁੰਡਲ ਸੁਭ ਕਾਨ।
ਵੈ ਗੁਰ ਭਗਤਨ ਕੇ ਮਨ ਅਭਿਰਾਮ। ੩।
ਸਤਨਾਮ ਸਿਰ ਮੁਕਟ ਸੁਧਾਰੇ।
ਵੈ ਸੁੰਦਰ ਛਬ ਗੁਰਮੁਖ ਉਰਧਾਰੇ।
ਲੀਲਾ ਕਰੇ ਸੰਗਤ ਸਭ ਮੇਲ।
ਜਿਮ ਰਾਮ ਚੰਦ ਦਸਰਥ ਘਰ ਕੇਲ। ੪।

ਆਪ ਜੀ ਦੀ ਮਿੱਠੀ ਰਸਨਾ ਹਰ ਕਿਸੇ ਨੂੰ ਮੋਹ ਲੈਂਦੀ ਸੀ ਅਤੇ ਇਥੋਂ ਤਕ ਕਿ ਪੱਥਰ ਨੂੰ ਮੋਮ ਕਰਨ ਦੀ ਸਮਰਥਾ ਰਖਦੀ ਸੀ। ਕਿਹਾ ਜਾਂਦਾ ਹੈ ਕਿ ਇਕ ਵਾਰ ਗੁਰੂ ਹਰਿ ਰਾਇ ਜੀ, ਬਾਲਕ ਹਰਿ ਕ੍ਰਿਸ਼ਨ ਜੀ ਤੋਂ ਜਪੁਜੀ ਸਾਹਿਬ ਦਾ ਪਾਠ ਸਰਵਣ ਕਰ ਰਹੇ ਸਨ ਤਾਂ ਜਦ ਹਰਿ ਕ੍ਰਿਸ਼ਨ ਜੀ ਨੇ ਅਖੀਰਲੀ ਪਉੜੀ ਦਾ ਭੋਗ ਪਾਇਆ ਤਾਂ ਆਪ ਜੀ ਜਿਸ ਕੁਰਸੀ ਤੇ ਬਿਰਾਜਮਾਨ ਸਨ, ਉਹ ਮੋਮ ਵਾਂਗ ਪੰਘਰ ਗਈ ਅਤੇ ਸਿੱਖ ਇਹ ਕੌਤਕ ਵੇਖਕੇ ਬਹੁਤ ਹੈਰਾਨ ਹੋਏ।

ਬਾਦਸ਼ਾਹ ਔਰੰਗਜ਼ੇਬ ਨੂੰ ਗੁਰੂ-ਘਰ ਦੇ ਦੋਖੀਆਂ ਨੇ ਇਹ ਕਹਿਕੇ ਭੜਕਾ ਦਿਤਾ ਕਿ ਗੁਰੂ ਹਰਿ ਰਾਇ ਜੀ ਨੇ ਦਾਰਾ ਸ਼ਿਕੋਹ ਦੀ ਮਦਦ ਕੀਤੀ ਹੈ, ਜਦੋਂ ਉਹ ਕੀਰਤਪੁਰ ਦੇ ਨੇੜਿਓਂ ਲੰਘ ਰਿਹਾ ਸੀ। ਦਾਰਾ ਸ਼ਿਕੋਹ, ਔਰੰਗਜ਼ੇਬ ਦਾ ਭਰਾ ਸੀ ਅਤੇ ਹਿੰਦੋਸਤਾਨ ਦੇ ਤਖਤ ਦਾ ਮਾਲਕ ਬਣਨ ਲਈ ਔਰੰਗਜ਼ੇਬ ਨਾਲ ਜਦੋਜਹਿਦ ਕਰ ਰਿਹਾ ਸੀ। ਬਾਦਸ਼ਾਹ ਨੇ ਗੁਰੂ ਜੀ ਵਲੋਂ ਦਾਰਾ ਸ਼ਿਕੋਹ ਦੀ ਮਦਦ ਕੀਤੀ ਸੁਣਕੇ ਗੁਰੂ ਜੀ ਨੂੰ ਦਿੱਲੀ ਦਰਬਾਰ ਵਿਚ ਪੇਸ਼ ਹੋਣ ਲਈ ਫੁਰਮਾਨ ਜਾਰੀ ਕੀਤਾ ਕਿ ਉਹ ਆਕੇ ਆਪਣਾ ਪੱਖ ਪੇਸ਼ ਕਰਨ। ਪਰੰਤੂ ਗੁਰੂ ਜੀ ਕਿਸੇ ਵੀ ਝਮੇਲੇ ਵਿਚ ਨਹੀਂ ਸੀ ਪੈਣਾ ਚਾਹੁੰਦੇ। ਉਹਨਾਂ ਨੇ ਆਪਣੇ ਵੱਡੇ ਸਪੁਤਰ ਬਾਬਾ ਰਾਮ ਰਾਇ ਜੀ ਨੂੰ ਬਾਦਸ਼ਾਹ ਦੇ ਦਰਬਾਰ ਵਿਖੇ ਭੇਜਿਆ। ਰਾਮ

---

੧. ਗੁਰ ਸ਼ਬਦ ਰਤਨਾਕਰ ਮਹਾਨਕੋਸ਼ ਰਚਿਤ ਭਾਈ ਕਾਹਨ ਸਿੰਘ ਨਾਭਾ, ਪੰਨਾ ੧੯੯

੨. ਮਹਿਮਾ ਪ੍ਰਕਾਸ਼ ਰਚਿਤ ਬਾਵਾ ਸਰੂਪ ਦਾਸ ਜੀ, ਪੰਨਾ ੬੪੯, ਭਾਸ਼ਾ ਵਿਭਾਗ ਪੰਜਾਬ, ਪਟਿਆਲਾ।

੩. —ਉਹੀ— ਪੰਨਾ ੬੩੧



Sri Satguru Jagjit Singh Ji eLibrary NamdhariElibrary@gmail.com

ਰਾਇ ਨੇ ਬਾਦਸ਼ਾਹ ਦੇ ਦਰਬਾਰ ਵਿਚ ਇਹੋ ਜਿਹੀਆਂ ਵੀ ਕਈ ਗਲਾਂ ਕੀਤੀਆਂ ਜੋ ਸਿਖ ਧਰਮ ਦੇ ਖਿਲਾਫ ਸਨ। ਰਾਮ ਰਾਇ ਜੀ ਨੇ ਆਪਣੇ ਆਪ ਨੂੰ ਵਲੀ ਔਲੀਆ ਪ੍ਰਗਟ ਕਰਨ ਲਈ ਤੇ ਬਾਦਸ਼ਾਹ ਦੀ ਕਰੋਪੀ ਤੋਂ ਬਚਣ ਲਈ ਕਈ ਕਰਾਮਾਤੀ ਕੌਤਕ ਦਿਖਾਏ ਅਤੇ ਇਥੋਂ ਤਕ ਕਿ ਉਸ ਨੇ ਬਾਣੀ ਆਸਾ ਜੀ ਦੀ ਵਾਰ ਦੀ ਇਕ ਤੁਕ ਵੀ ਬਦਲ ਦਿਤੀ। ਇਸ ਦੀ ਖਬਰ ਸ੍ਰੀ ਗੁਰੂ ਹਰਿ ਰਾਇ ਜੀ ਨੂੰ ਕੀਰਤਪੁਰ ਸਾਹਿਬ ਵਿਖੇ ਮਿਲੀ ਤਾਂ ਗੁਰੂ ਜੀ ਨੇ ਸਦਾ ਲਈ ਰਾਮ ਰਾਇ ਨੂੰ ਤਿਆਗ ਦਿਤਾ। ਗਿਆਨੀ ਗਿਆਨ ਸਿੰਘ ਜੀ੪ ਲਿਖਦੇ ਹਨ :—

ਇਕ ਦਿਨ ਨੌਰੰਗ ਰਾਮ ਰਾਇ ਸੋ ਪੂਛਿਓ ਐਸ ਬਿਚਾਰੇ।
ਬਡੇ ਤੁਮਾਰੇ ਗੁਰੂ ਨਾਨਕ ਨੇ ਇਹ ਕਿਮ ਬਚਨ ਉਚਾਰੇ।
ਮਿਟੀ ਮੁਸਲਮਾਨ ਕੀ ਪੇੜੇ ਪਈ ਘੁਮਾਰੇ।
ਘਰ ਭਾਂਡੇ ਵਹਿ ਇਟਾਂ ਕਰਹੈਂ ਜਲਦੀ ਕੂਕ ਪੁਕਾਰੇ।
ਰਾਮ ਰਾਇ ਕਹਿ ਤੁਮ ਪੈ ਕਾਹੂੰ ਬਚਨ ਬਨਾਇ ਸੁਨਾਇਆ।
ਮਿਟੀ ਬੇਈਮਾਨ ਕੀ ਨਿਤ ਜਲ ਹੈ ਗੁਰੂ ਅਲਾਇਆ।
ਪਲਟ ਬਚਨ ਇਹ ਰਾਮ ਰਾਇ ਨੇ ਕਰੀ ਜ਼ਮਾਨੇ ਸਾਜੀ।
ਬੇਸ਼ਕ ਸ਼ਾਹਿ ਕਰ ਲਇਓ ਰਾਜ਼ੀ ਪਰ ਗੁਰ ਕੋਪ ਨਰਾਜੀ।

ਗੁਰੂ ਜੀ ਨੇ ਰਾਮ ਰਾਇ ਨੂੰ ਕਿਸੇ ਹੱਥ ਸੁਨੇਹਾ ਘੱਲ ਦਿਤਾ, "ਕਿ ਉਹ ਵਾਪਸ ਕੀਰਤਪੁਰ ਨਾ ਆਵੇ ਅਤੇ ਜਿਸ ਦਿਸ਼ਾ ਵਲ ਉਸਦਾ ਮੁਖ ਹੈ, ਉਧਰ ਚਲਾ ਜਾਵੇ।" ਉਹ ਲਾਹੌਰ ਚਲਾ ਗਿਆ ਅਤੇ ਉਥੇ ਚੁਬੱਚਾ ਸਾਹਿਬ ਨਾਮ ਦਾ ਡੇਰਾ ਸਥਾਪਤ ਕੀਤਾ। ਉਹਨਾਂ ਦਾ ਇਕ ਡੇਰਾ ਡੇਹਰਾਦੂਨ ਵਿਚ ਹੋਂਦ ਵਿਚ ਆਇਆ। ਇਹਨਾਂ ਦਾ ਹੀ ਇਕ ਹੋਰ ਡੇਰਾ ਅਜਕਲ ਅਲਾਵਰਪੁਰ (ਜ਼ਿਲਾ ਜਲੰਧਰ) ਵਿਖੇ ਮੌਜੂਦ ਹੈ। ਗੁਰੂ ਹਰਿ ਰਾਇ ਜੀ ਨੇ ਅੰਤਮ ਸਮੇਂ ਗੁਰ ਗੱਦੀ ਦੇ ਅਗਲੇ ਵਾਰਿਸ ਹਰਿ ਕ੍ਰਿਸ਼ਨ ਜੀ ਨੂੰ ਯੋਗ ਸਮਝਿਆ ਅਤੇ ਹਰਿ ਕ੍ਰਿਸ਼ਨ ਜੀ ਨੂੰ ਗੁਰ ਗਦੀ ਦਾ ਤਿਲਕ ੮ ਕਤਕ ਸੰਮਤ ੧੭੧੮ (੭ ਅਕਤੂਬਰ ਸੰਨ ੧੬੬੧ ਈਸਵੀ) ਨੂੰ ਲਗਾਇਆ।

ਬਾਬਾ ਰਾਮ ਰਾਇ, ਜਿਸ ਨੂੰ ਗੁਰੂ ਘਰ ਤੋਂ ਛੇਕਿਆ ਗਿਆ ਸੀ, ਨੂੰ ਗੁਰ ਗਦੀ ਦਾ ਤਿਲਕ ਹਰਿ ਕ੍ਰਿਸ਼ਨ ਜੀ ਨੂੰ ਲਗਾਉਣ ਦਾ ਪਤਾ ਚਲਿਆ ਤਾਂ ਉਹ ਬਹੁਤ ਤਰਲੋਮੱਛੀ ਹੋਇਆ। ਕਾਫੀ ਸੋਚ ਵਿਚਾਰ ਦੇ ਬਾਅਦ ਉਸ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਸ਼ਕਾਇਤ ਕੀਤੀ ਕਿ ਉਹ ਵਡਾ ਭਰਾ ਹੋਣ ਕਰਕੇ ਗੁਰ-ਗੱਦੀ ਦਾ ਹੱਕਦਾਰ ਹੈ, ਇਸ ਲਈ ਗੁਰਗਦੀ ਉਸ (ਰਾਮ ਰਾਇ) ਨੂੰ ਦਿਵਾਈ ਜਾਵੇ। ਬਾਦਸ਼ਾਹ ਤਾਂ ਅਗੇ ਹੀ ਅਜਿਹੇ ਮੌਕੇ ਚਾਹੁੰਦਾ ਸੀ ਤਾਂ ਕਿ ਨਵ-ਜਨਮੇ ਸਿਖ ਧਰਮ ਵਿਚ ਤਰੇੜਾਂ ਪਾਈਆਂ ਜਾਣ। ਔਰੰਗਜ਼ੇਬ ਦੇ ਕਾਫੀ ਦਰਬਾਰੀ ਵੀ ਰਾਮ ਰਾਇ ਨਾਲ ਸਹਿਮਤ ਸਨ। ਦਿਲੀ ਦੇ ਸਿਖ ਲਖੀ ਰਾਇ, ਕਲਿਆਨ ਚੰਦ ਤੇ ਭਾਈ ਗੁਰਬਖਸ਼ ਮਲ ਨੇ ਰਾਮ ਰਾਇ ਨੂੰ ਕਾਫੀ ਸਮਝਾਉਣ ਦਾ ਯਤਨ ਕੀਤਾ ਪਰੰਤੂ ਉਹਨਾਂ ਦੇ ਸਾਰੇ ਯਤਨ ਨਾ-ਕਾਮਯਾਬ ਰਹੇ ਅਤੇ ਰਾਮ ਰਾਇ ਆਪਣੀ ਜ਼ਿਦ ਤੇ ਅੜਿਆ ਰਿਹਾ।

ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਦਿਲੀ ਲਿਆਉਣ ਦੀ ਸਾਰੀ ਜ਼ੁਮੇਵਾਰੀ ਰਾਜਾ ਜੈ ਸਿੰਘ ਨੇ ਸੰਭਾਲੀ ਕਿਉਂਕਿ ਉਹ ਜਾਣਦਾ ਸੀ ਕਿ ਕਿਤੇ ਬਾਦਸ਼ਾਹ ਦੀ ਕੋਈ ਕੋਝੀ ਹਰਕਤ ਨਾਲ ਗੁਰੂ ਜੀ ਦਾ ਅਪਮਾਨ ਨਾ ਹੋ ਜਾਵੇ। ਉਸ ਨੇ ਦੀਵਾਨ ਪਰਸ ਰਾਮ ਨੂੰ ਹੁਕਮ ਕੀਤਾ ਕਿ ਉਹ ਗੁਰੂ ਜੀ ਦੇ ਆਉਣ ਦੀਆਂ ਤਿਆਰੀਆਂ ਕਰ ਲਵੇ। ਗੁਰੂ ਜੀ ਨੂੰ ਦਿਲੀ ਦਰਬਾਰ ਵਿਚ ਆਉਣ ਤੇ ਆਪਣੇ ਹੱਕ ਜਿਤਲਾਉਣ ਲਈ ਪਹੁੰਚਣ ਦਾ ਸੁਨੇਹਾ ਕੀਰਤਪੁਰ ਵਿਖੇ ਮਿਲ ਗਿਆ। ਇਹ ਖਬਰ ਸੁਣਕੇ ਸਿਖ ਵਿਆਕੁਲ ਹੋ ਉਠੇ ਕਿਉਂਕਿ ਉਹ ਬਾਦਸ਼ਾਹ ਦੀ ਤੁਅਸਬ ਭਰੀ ਨੀਤੀ ਨੂੰ ਚੰਗੀ ਤਰ੍ਹਾਂ ਜਾਣਦੇ ਸਨ ਅਤੇ ਕਾਫੀ ਸਿਖ ਗੁਰੂ ਜੀ ਨਾਲ ਜਾਣ ਨੂੰ ਤਿਆਰ ਹੋ ਗਏ।

ਗੁਰੂ ਜੀ ਨੇ ਮਾਤਾ ਜੀ ਨੂੰ ਵੀ ਨਾਲ ਜਾਣ ਲਈ ਕਿਹਾ ਅਤੇ ਆਪਣੇ ਨਾਲ ਸਿਰਫ ੨੦ ਤੋਂ ੩੦ ਤਕ ਸਿਖਾਂ ਨੂੰ ਜਾਣ ਲਈ ਕਿਹਾ। ਰਸਤੇ ਵਿਚ ਗੁਰੂ ਜੀ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰਦੇ ਜਾਂਦੇ। ਜਦ ਆਪ ਜੀ ਦਿਲੀ ਨੂੰ ਜਾਂਦੇ ਪੰਜੋਖਰੇ ਪਹੁੰਚੇ ਤਾਂ ਇਕ ਹੰਕਾਰੀ ਪੰਡਤ ਆਪ ਜੀ ਕੋਲ ਆਇਆ ਅਤੇ ਆਖਣ ਲਗਾ ਕਿ ਆਪ ਜੀ ਨੇ ਨਾਮ ਤਾਂ ਭਗਵਾਨ ਕ੍ਰਿਸ਼ਨ ਵਾਲਾ ਰਖਿਆ ਹੈ ਅਤੇ ਕੀ ਭਗਵਤ ਗੀਤਾ ਦੇ ਅਰਥ ਵੀ ਦਸ ਸਕਦੇ ਹੋ? ਗੁਰੂ ਜੀ ਮੁਸਕਰਾਏ ਅਤੇ ਕਿਹਾ ਕਿ ਤੁਸੀਂ ਕਿਸੇ ਵੀ ਮੂਰਖ ਅਨਪੜ੍ਹ ਨੂੰ ਲੈ ਆਵੋ ਤਾਂ ਉਹ ਆਪ ਜੀ ਨੂੰ ਅਰਥ ਸਮਝਾ ਦੇਵੇਗਾ। ਪਡਤ, ਇਕ ਝੀਊਰ (ਜਿਸ ਦਾ ਨਾਮ ਛੱਜੂ ਸੀ) ਨੂੰ ਗੁਰ ਦਰਬਾਰ 'ਚ ਲੈ ਆਇਆ। ਗੁਰੂ ਜੀ ਨੇ ਝੀਊਰ ਦੇ ਸਿਰ ਉਪਰ ਆਪਣੀ ਸੋਟੀ ਰਖੀ ਅਤੇ ਪੰਡਤ ਨੂੰ ਹੁਕਮ ਕੀਤਾ ਕਿ ਉਹ ਭਗਵਤ ਗੀਤਾ ਦੇ ਕਿਸੇ ਸ਼ਲੋਕ ਦੇ ਵੀ ਅਰਥ ਪੁਛ ਸਕਦਾ ਹੈ। ਪੰਡਤ ਨੇ ਬੜੇ ਬੜੇ ਔਖੇ ਸਲੋਕਾਂ ਦੇ ਅਰਥ ਪੁਛੇ ਪਰ ਝੀਊਰ ਨੇ ਸਭਨਾਂ ਦੇ ਅਰਥ ਦਸ ਦਿਤੇ। ਪੰਡਤ ਬਹੁਤ ਹੈਰਾਨ ਹੋਇਆ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :

ਝੀਵਰ ਛਜੂ ਨਾਮ ਮਹਾ ਖਰ।
ਦਈ ਛਟੀ ਗੁਰੂ ਤਿਸ ਕੈ ਸਿਰ ਧਰ।
ਖੁਲੇ ਕਪਾਟ ਤਾਂਹਿ ਕੇ ਤਬੈ।

---

੪. ਸ੍ਰੀ ਗੁਰੂ ਪੰਥ ਪ੍ਰਕਾਸ਼, ਰਚਿਤ ਗਿਆਨੀ ਗਿਆਨ ਸਿੰਘ, ਪੰਨਾ ੧੨੩, ਖਾਲਸਾ ਟਰੈਕਟ ਸੁਸਾਇਟੀ, ਅੰਮ੍ਰਿਤਸਰ।


Sri Satguru Jagjit Singh Ji eLibrary NamdhariElibrary@gmail.com

ਗੀਤਾ ਪਾਠ ਅਰਥ ਕਰ ਸਬੈ ।
ਔਰੈ ਅਗਮ ਨਿਗਮ ਬਖਾਨੇ ।
ਸੁਨ ਸਭ ਪੰਡਤ ਭਏ ਹਿਰਾਨੇ ।
ਗੁਰ ਕੇ ਪਗ ਪਰ ਨਿਜ ਸਿਰ ਧਾਰਾ ।
ਗੁਰ ਕੋ ਪੂਰਨ ਬ੍ਰਹਮ ਨਿਹਾਰਾ ।
ਸਿਖ ਭਯੋ ਯੁਤ ਤਰਯੋ ਕਹਾਰੇ ।
ਸਤਿਗੁਰੁ ਦਿਲੀ ਓਰ ਪਧਾਰੇ ।

ਉਥੋਂ ਗੁਰੂ ਮਹਾਰਾਜ ਜੀ ਨੇ ਅਗੇ ਚਾਲੇ ਪਾ ਦਿਤੇ ਅਤੇ ਆਪ ਜੀ ਸਿਖ ਸਮੇਤ ਮਹਲਾ ਦਿਲਵਾਲੀ ਰਾਜਾ ਜੈ ਸਿੰਘ ਕੋਲ ਠਹਿਰੇ । ਰਾਜਾ ਜੈ ਸਿੰਘ ਜੀ, ਦੀਵਾਨ ਪਰਸ ਰਾਮ ਸਮੇਤ ਅਗੇ ਹੋਕੇ ਗੁਰੂ ਜੀ ਨੂੰ ਮਿਲੇ । ਉਹਨਾਂ ਦਿਨਾਂ ਵਿਚ ਹੀ ਰਾਮ ਰਾਇ ਵੀ ਦਿਲੀ ਵਿਚ ਮੌਜੂਦ ਸੀ ਅਤੇ ਕਰਾਮਾਤਾਂ ਭਰੇ ਕੌਤਕ ਦਿਖਾਕੇ ਲੋਕਾਂ ਅਤੇ ਦਰਬਾਰੀਆਂ ਨੂੰ ਆਪਣੇ ਵਲ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਤਾਂ ਕਿ ਉਹ ਆਪਣੇ ਮਿਸ਼ਨ ਵਿਚ ਕਾਮਯਾਬ ਹੋ ਜਾਵੇ । ਰਾਜਾ ਜੈ ਸਿੰਘ ਦੀ ਰਾਣੀ ਦੇ ਦਿਲ ਵਿਚ ਵੀ ਗੁਰੂ ਜੀ ਦੀ ਪ੍ਰੀਖਿਆ ਲੈਣ ਦਾ ਫੁਰਨਾ ਫੁਰਿਆ ਅਤੇ ਮਨ ਵਿਚ ਇਹ ਚਿਤਾਰਿਆ ਕਿ ਜੇ ਗੁਰੂ ਜੀ ਉਸ ਨੂੰ ਲਭ ਕੇ ਉਸ ਦੀ ਗੋਦ ਵਿਚ ਬੈਠਣਗੇ ਤਾਂ ਉਹ ਤਨ, ਮਨ ਤੋਂ ਸਿਖ ਹੋ ਜਾਵੇਗੀ । ਰਾਣੀ ਨੇ ਭੇਸ ਵਟਾਇਆ ਅਤੇ ਆਪਣੀਆਂ ਦਾਸੀਆਂ ਵਿਚ ਸ਼ਾਮਲ ਹੋ ਗਈ । ਗੁਰੂ ਜੀ ਚਾਂਈ ਚਾਂਈ ਚਲਦੇ ਆਏ ਅਤੇ ਰਾਣੀ ਦੀ ਗੋਦ 'ਚ ਬਿਰਾਜਮਾਨ ਹੋ ਗਏ । ਇਹ ਵੇਖ ਕੇ ਰਾਣੀ ਬਹੁਤ ਪ੍ਰਸੰਨ ਹੋਈ ਅਤੇ ਛੇਤੀ ਹੀ ਉਸਦੀ ਪੁਤਰ ਦੀ ਕਾਮਨਾ ਪੂਰੀ ਹੋਈ । ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :—

ਇਕ ਦਿਨ ਜੈ ਸਿੰਘ ਨ੍ਰਿਪ ਕੀ ਰਾਨੀ ।
ਪੁਤਰ ਕਾਮਨਾ ਧਾਰ ਮਹਾਨੀ ।
ਗੁਰ ਕੇ ਸਰਬਗ ਪਰਖਨ ਹੇਤੈਂ ।
ਨਾਰਿਨ ਮੈਂ ਛਪ ਬਹੀ ਨਿਕੇਤੈਂ ।
ਸਭ ਕੋ ਤਜ ਗੁਰ ਤਿਸ ਕੀ ਗੋਦਿ ।
ਜਾਇ ਥਿਰੇ ਬਹੁਤ ਕਰਤ ਬਿਨੋਦ ।
ਉਨ ਚਰਨਾਮ੍ਰਿਤ ਗੁਰ ਕਾ ਪੀਓ ।
ਗੁਰ ਬਰ ਤੈ ਸੁਤ ਤਿਸ ਕੀ ਥੀਓ ।

ਉਹਨਾਂ ਦਿਨਾਂ ਵਿਚ ਦਿਲੀ ਸ਼ਹਿਰ ਵਿਚ ਹੈਜ਼ਾ ਅਤੇ ਚੇਚਕ ਦੀਆਂ ਬਿਮਾਰੀਆਂ ਫੈਲੀਆਂ ਹੋਈਆਂ ਸਨ । ਦਿਲੀ ਸ਼ਹਿਰ ਵਿਚ ਹਾਹਾਕਾਰ ਮਚੀ ਹੋਈ ਸੀ । ਸ਼ਹਿਰ ਵਿਚ ਲੋਕ ਧੜਾ ਧੜ ਮਰ ਰਹੇ ਸਨ । ਗੁਰੂ ਸਾਹਿਬ ਜੀ ਰੋਗੀਆਂ ਦੀ ਸੇਵਾ ਸੰਭਾਲ ਵਿਚ ਲਗ ਗਏ । ਸੰਗਤਾਂ ਨੂੰ ਹਦਾਇਤ ਕੀਤੀ ਕਿ ਉਹ ਰੋਗੀਆਂ ਦੀ ਮਦਦ ਕਰਨ ਅਤੇ ਬੀਮਾਰੀ ਤੋਂ ਬਚਾਉਣ ਦਾ ਯਤਨ ਕਰਨ । ਔਰੰਗਜ਼ੇਬ, ਗੁਰੂ ਜੀ ਦੇ ਇਸ ਮਹਾਨ ਕਾਰਜ ਤੋਂ ਬਹੁਤ ਪ੍ਰਭਾਵਤ ਹੋਇਆ ਅਤੇ ਦਰਸ਼ਨ ਕਰਨ ਦੀ ਲਾਲਸਾ ਪ੍ਰਗਟ ਕੀਤੀ । ਪਰ ਗੁਰੂ ਜੀ ਨੇ ਦਰਸ਼ਨ ਦੇਣ ਤੋਂ ਇਨਕਾਰ ਕਰ ਦਿਤਾ । ਇਹਨਾਂ ਦਿਨਾਂ ਵਿਚ ਹੀ ਗੁਰੂ ਜੀ ਤੇ ਚੇਚਕ ਦੀ ਭਿਆਨਕ ਬੀਮਾਰੀ ਨੇ ਹੱਲਾ ਕਰ ਦਿਤਾ । ਹੁਣ ਗੁਰੂ ਜੀ ਨੇ ਆਪਣਾ ਅੰਤਮ ਸਮਾਂ ਨੇੜੇ ਆਇਆ ਜਾਣ ਕੇ ਸਾਰੇ ਸਿਖਾਂ ਨੂੰ ਬੁਲਾ ਲਿਆ ਅਤੇ ਗੁਰਿਆਈ ਦੇਣ ਦਾ ਸਾਮਾਨ ਮੰਗਵਾਇਆ । ਆਪ ਜੀ ਨੇ ਅਗਲੇ ਗੁਰਿਆਈ ਵਾਰਸ ਬਾਰੇ "ਬਾਬਾ ਬਕਾਲੇ" ਕਿਹਾ ਅਤੇ ਵਾਰ ਵਾਰ ਸੰਗਤਾਂ ਦੁਆਰਾ ਪੁਛਣ ਤੇ ਆਪ ਜੀ ਨੇ ਇਹੋ ਹੀ ਜਵਾਬ ਦਿਤਾ । ਇਸ ਘਟਨਾ ਨੂੰ ਬਾਵਾ ਸਰੂਪ ਦਾਸ ਜੀ ਭੱਲਾ ਇਸ ਤਰ੍ਹਾਂ ਬਿਆਨ ਕਰਦੇ ਹਨ :—

### ਦੋਹਰਾ

ਹਮ ਕਿਤ ਬਿਧ ਨਿਤ ਦਰਸਨ ਕਰੈਂ
ਕਿਮ ਕਰੈਂ ਚਰਨ ਗੁਰ ਸੇਵ ।
ਅਬ ਕਹਾ ਜੋਤ ਪਰਗਟ ਧਰੇ,
ਦੀਜੈ ਦਾਸਨ ਭੇਵ ॥ ੧੬ ॥

### ਚੌਪਈ

ਸੁਨ ਬਿਨਤੀ ਸਤਗੁਰ ਭਏ ਦਿਆਲ ।
ਕਹਾ ਸ੍ਰੀ ਮੁਖ ਬਰ ਬਚਨ ਬਿਸਾਲ ।
ਅਬ ਜਾਇ ਦਰਸਨ ਤੁਮ ਕਰੋ ਬਕਾਲੇ ।
ਤਹਾ ਰਹੇ ਬਾਬਾ ਜੀ ਦੀਨ ਦਿਆਲੇ ॥ ੧੭ ॥

ਇਮ ਬਚਨ ਕਹਾ ਪੁਨ ਲਗੀ ਸਮਾਧ ।
ਗੁਰ ਪੂਰਨ ਸਰਬੰ ਨਹੀਂ ਬਿਖਾਦ ।
ਜਹਾ ਹਰਖ ਸੋਕ ਨਾਹੀ ਅਸਥਾਨ ।
ਗੁਰ ਸਰਬ ਬਿਆਪੀ ਕੇਵਲ ਗਿਆਨ ॥ ੧੮ ॥

ਸੰਮਤ ੧੭੨੧ ਚੇਤ ਸੁਦੀ ੧੪ ਬੁਧਵਾਰ ਦੋ ਘੜੀਆਂ ਰਾਤ ਗਈ ਸ੍ਰੀ ਹਰਿ ਕ੍ਰਿਸ਼ਨ ਜੀ ਸਮਾਏ ਦਿਲੀ ਵਿਚ, ਦੋ ਬਰਸ ਪੰਜ ਮਹੀਨੇ, ਵੀਹ ਦਿਨ ਗੁਰੂ ਹਰਿ ਕ੍ਰਿਸ਼ਨ ਜੀ ਗੁਰਿਆਈ ਵਿਚ ਸਰੀਰ ਰਖਿਆ ।

ਗੁਰੂ ਜੀ ੩੦ ਮਾਰਚ ੧੬੬੪ ਈਸਵੀ ਨੂੰ ਜੋਤੀ ਜੋਤ ਸਮਾ ਗਏ । ਜਿਥੇ ਆਪ ਜੀ ਜੋਤੀ ਜੋਤ ਸਮਾਏ, ਉਸ ਜਗ੍ਹਾ ਅਜ ਕਲ ਗੁਰਦੁਆਰਾ ਬੰਗਲਾ ਸਾਹਿਬ ਸੁਭਾਏਮਾਨ ਹੈ ।

✳


Sri Satguru Jagjit Singh Ji eLibrary NamdhariElibrary@gmail.com

# ਬੀਤੇ ਦੀਆਂ ਪੈੜਾਂ

—ਪ੍ਰੀਤਮ ਸਿੰਘ ਕਵੀ

(ਲੜੀ ਜੋੜਨ ਲਈ ਵਰਿਆਮ ਦਾ
ਜੂਨ ੧੯੯੦ ਅੰਕ ਦੇਖੋ)

**੯ ਅਕਤੂਬਰ ੧੯੭੮, ਸੋਮਵਾਰ**
**ਚੁਟਾਲਾ (ਹੁਸ਼ਿਆਰਪੁਰ)**

**ਚਲਦਾ ਪ੍ਰਸੰਗ—ਜਥੇਦਾਰ ਫੌਜਾ ਸਿੰਘ ਦਾ ਭੋਗ**

ਏਥੇ ਸੱਚੇ ਪਾਤਸ਼ਾਹ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੁਮੇਲਤਾ ਨੂੰ ਯਾਦ ਕੀਤਾ : ਜਿਹੜੇ ਬੜੇ ਆਸਤਕ ਸਨ ਸਤਿਗੁਰੂ ਪ੍ਰਤਾਪ ਸਿੰਘ ਜੀ ਉਹਨਾਂ ਨਾਲ ਵੀ ਗੂਹੜਾ ਸਨੇਹ ਰਖਦੇ ਸਨ ਅਤੇ ਜਿਹੜੇ ਬੜੇ ਨਾਸਤਕ ਸਨ ਸਤਿਗੁਰੂ ਜੀ ਦੀ ਪਹੁੰਚ ਉਹਨਾਂ ਵੱਲ ਵੀ ਉਹੋ ਸੀ।

ਪੰਡਿਤ ਜੀ : ਸਤਿਗੁਰੂ ਦੇ ਸਾਰੇ ਜੁ ਹੋਏ।

ਸਤਿਗੁਰੂ ਜੀ : ਸਾਡੇ ਵੱਲ ਦੋਹਾਂ ਦੀ ਪਹੁੰਚ ਇਕਸਾਰ ਰਹਿੰਦੀ ਹੈ। ਸਾਨੂੰ ਦੋਵੇਂ ਹੀ ਪਸੰਦ ਕਰਦੇ ਹਨ, ਨਫ਼ਰਤ ਨਹੀਂ ਕਰਦੇ।

ਸੰਤ ਮਹਿੰਦਰ ਸਿੰਘ : ਅਖੀਰ ਤੇ ਜਾਕੇ ਸਾਰੇ ਇਕ ਹੀ ਹੋ ਜਾਂਦੇ ਹਨ। ਦੁਜੈਗ ਤਾਂ ਉਹ੍ਹਾਂ ਉਹ੍ਹਾਂ ਦੀ ਹੀ ਚੀਜ਼ ਹੈ।

ਅਤੇ ਵਿਚਾਰ ਥੋੜੀ ਹੋਰ ਹੋਕੇ ਸਭਾ ਵਿਸਰਜਤ ਹੋ ਗਈ। ੧੦ ਵਜ ਚੁਕੇ ਸਨ। ਸਤਿਗੁਰੂ ਜੀ ਜੰਗਲ ਮੈਦਾਨ ਜਾਣ ਵਾਸਤੇ ਕਾਰ ਸਵਾਰ ਹੋ ਦੂਰ ਨਿਕਲ ਗਏ।

**ਭੋਗ ਦਾ ਦੀਵਾਨ**

ਪੰਡਿਤ ਗੋਪਾਲ ਸਿੰਘ ਦਾ ਹੱਲੇ ਦਾ ਦੀਵਾਨ ੧ ਵਜੇ ਤੋਂ ਜਾਰੀ ਹੋ ਗਿਆ ਹੈ ਪਿੰਡਾਲ ਭਰਪੂਰ ਹੈ। ਸੱਚੇ ਪਾਤਸ਼ਾਹ ਜੀ ਵੀ ੧.੩੦ ਵਜੇ ਨਿਜ ਆਸਣ ਤੇ ਸਸ਼ੋਭਤ ਹੋ ਗਏ ਹਨ। ਦੀਵਾਨ ਵਿਚ ਖੁਸ਼ੀ ਦੀ ਲਿਹਰ ਛਾ ਗਈ ਹੈ। ਉਠ ਉਠ ਕੇ ਸੰਗਤਾਂ ਨਮਸਕਾਰਾਂ ਕਰਨ ਲਗੀਆਂ। ਨੀਲੀਆਂ ਪੱਗਾਂ ਵਾਲੇ, ਕਿਰਪਨਾਧਾਰੀ ਇਸਤਰੀਆਂ, ਸਭ ਤਰ੍ਹਾਂ ਦੇ ਲੋਕਾਂ ਨੇ ਸ਼ਰਧਾ ਨਾਲ ਭੇਟਾ ਧਰ-ਧਰ ਮੱਥਾ ਟੇਕਿਆ ਹੈ। ਇਸ ਸਮੇਂ ਇਸ ਇਲਾਕੇ ਦੇ ਦੂਰ ਨੇੜੇ ਦੇ ਸਿੰਘ ਗੁਰੂ ਕੇ ਦਰਸ਼ਨਾਂ ਨੂੰ ਪਹੁੰਚੇ ਹੋਏ ਹਨ। ਸੰਤ ਅਪਾਰ ਸਿੰਘ ਬੀੜ ਅਤੇ ਸ: ਹੀਰਾ ਸਿੰਘ ਸਰਪੰਚ ਸੰਤ ਨਗਰ ਵੀ ਏਥੇ ਆਏ ਵੇਖੇ। ਪੰ: ਜੀ ਜਥੇਦਾਰ ਫੌਜਾ ਸਿੰਘ ਦੀ ਮਹਾਨਤਾ, ਸਿਦਕ, ਸਾਦਗੀ ਆਦਿ ਉਤੇ ਸਪ੍ਰਮਾਣ ਕੀਰਤਨ ਕਰ ਰਹੇ ਹਨ। ਇਲਾਕੇ ਦੇ ਨਾਮਧਾਰੀਆਂ ਵਿਚੋਂ ਕੁਝ ਇਕ ਨੇ ਸਤਿਗੁਰਾਂ ਦੇ



ਸਤਿਗੁਰੂ ਜਗਜੀਤ ਸਿੰਘ ਜੀ

ਚਰਨਾਂ ਵਿਚ ਪੱਤਰ ਰੱਖ ਰੱਖ ਕੇ ਮਨੋਵਿਥਿਆ ਅਰਜ਼ ਕੀਤੀਆਂ ਹਨ।

ਪੰਡਾਲ ਸਵੇਰ ਨਾਲੋਂ ਦੁਗਣਾ ਹੋ ਗਿਆ ਸੀ। ਜਾਪਦਾ ਸੀ ਨਗਰ ਦੇ ਹਰ ਘਰੋਂ ਇਕ ਇਕ, ਦੋ ਦੋ ਜੀ ਦੀਵਾਨ ਵਿਚ ਪਹੁੰਚੇ ਹੋਏ ਹਨ। ਜਲੰਧਰੋਂ ਵੀ ਬਹੁਤ ਸਾਰੀ ਸੰਗਤ ਆਈ ਹੋਈ ਹੈ। ੧.੪੫ ਵਜੇ ਰਾਗੀਆਂ ਦਾ ਦੀਵਾਨ ਸਜ ਗਿਆ ਹੈ।

ਦੀਵਾਨ ਵਿਚ ਕੁਛ ਐਸੇ ਲੋਕ ਵੀ ਆਏ ਜਿਨ੍ਹਾਂ ਸਤਿਗੁਰੂ ਜੀ ਨੂੰ ਨਮਸਕਾਰ ਤਾਂ ਕੀ ਕਰਨੀ, ਸਮੁਚੇ ਦੀਵਾਨ ਨੂੰ ਵੀ ਸਿਰ ਨ ਝੁਕਾਇਆ। ਪਰ ਦੀਵਾਨ ਅਤੇ ਕੀਰਤਨ ਦੇ ਪ੍ਰਭਾਵ ਨੇ ਉਹਨਾਂ ਨੂੰ ਮੁੜ ਉਠਾਇਆ ! ਰਾਗੀਆਂ ਨੂੰ ਵੀ ਜਾ ਕੇ ਮਥਾ ਟੇਕਿਆ ਅਤੇ ਫਿਰ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆ, ਸਿਰ ਝੁਕਾ, ਆਪਣੇ ਸਥਾਨ ਤੇ ਬੈਠੇ। ਗਿਆਨੀ ਰਤਨ ਸਿੰਘ ਮਠਾੜੂ (ਇੰਦਰਾ ਕਾਂਗਰਸੀ) ਚੇਅਰਮੈਨ ਜ਼ਿਲਾ ਪਰੀਸ਼ਦ ਹੁਸ਼ਿਆਰ ਵੀ ਸ਼ਰਧਾਂਜਲੀ ਭੇਟ ਕਰਨ ਆਇਆ। ੨.੩੦ ਵਜੇ ਭੋਗ ਦੇ ਸਲੋਕ ਪੜੇ ਜਾਣ ਲਗੇ।



Sri Satguru Jagjit Singh Ji eLibrary NamdhariElibrary@gmail.com

## ਚਿੱਠੀਆਂ ਮੱਠੀਆਂ

ਇਸ ਸਮੇਂ ਸਤਿਗੁਰੂ ਜੀ ਦੇ ਸਕੱਤਰ ਵਲੋਂ, ਮੇਰੇ ਧਿਆਨ ਵਿਚ, ੨੯-੯-੭੮ ਦੀ ਲਿਖੀ ਸ. ਰਘਬੀਰ ਸਿੰਘ ਰੰਧਾਵਾ ਵਕੀਲ ਸਰਸਾ ਦੀ ਚਿੱਠੀ ਲਿਆਂਦੀ ਜਿਸ ਵਿਚ ਸ. ਰੰਧਾਵਾ ਨੇ ਸਤਿਗੁਰੂ ਜੀ ਨੂੰ ਚੇਤਾ ਕਰਵਾਇਆ ਸੀ ਕਿ ਅਕਾਲੀ-ਨਿਰੰਕਾਰੀ ਵਿਵਾਦ ਸਮੇਂ ਸਾਨੂੰ 'ਨਵਾਂ ਹਿੰਦੁਸਤਾਨ' ਵਰਗੇ ਅਖਬਾਰ ਦੀ ਲੋੜ ਸੀ। ਬਹੁਤ ਗਲਤ ਬਿਆਨੀਆਂ ਛਪ ਰਹੀਆਂ ਹਨ। ਰੰਧਾਵਾ ਨੇ ਬੇਨਤੀ ਕੀਤੀ ਸੀ ਸਤਿਗੁਰੂ ਜੀ ਜਾਂ ਤਾਂ ਆਪਣਾ ਪ੍ਰੈਸ ਸਕਤਰ ਰਖਣ ਜਾਂ ਫਿਰ ਨਾਮਧਾਰੀ ਦਰਬਾਰ ਵਲੋਂ ਜਾਂਦੇ ਬਿਆਨ ਆਪ ਧਿਆਨ ਨਾਲ ਵੇਖਕੇ ਛਪਣ ਦੇਣ।

ਇਕ ਹੋਰ ਚਿੱਠੀ, ਸੰਤ ਹਰਨਾਮ ਦਾਸ ਉਦਾਸੀ, ਕਪੂਰਥਲਾ ਦੀ ਵਿਖਾਈ ਗਈ ਜਿਸ ਉਤੇ ਲਿਖਣ ਮਿਤੀ ੨-੧੦-੭੮ ਸੀ। ਲੇਖਕ ਨੇ ਸਤਿਗੁਰੂ ਜੀ ਦੇ ਸਕਤਰ ਸੰਤ ਤਰਸੇਮ ਸਿੰਘ ਨੂੰ ਲਿਖਿਆ ਸੀ ਕਿ ਕੁਝ ਪੁਸਤਕਾਂ ਉਸਦੇ ਵਿਦਿਆ ਗੁਰੂ ਕੋਲ ਹਨ, ਕੁਛ ਪੁਸਤਕਾਂ ਹੋਰ ਹੋਰ ਥਾਵਾਂ ਤੇ ਵੀ ਦੱਸੀਆਂ। ਮੁਖ ਜ਼ੋਰ ਇਸ ਗੱਲ ਤੇ ਸੀ ਕਿ ਨਾਮਧਾਰੀਆਂ ਪਾਸ ਲਿਟਰੇਚਰ ਦੀ ਘਾਟ ਹੈ। 'ਲਿਟਰੇਰੀ ਆਦਮੀਆਂ ਨੂੰ ਖਾਸ ਤੌਰ ਤੇ ਉਤਸ਼ਾਹਤ ਕੀਤਾ ਜਾਵੇ। ਸੌ ਪੁਸਤਕਾਂ ਐਸੀਆਂ ਲਿਖਵਾਈਆਂ ਜਾਣ ਜਿਨ੍ਹਾਂ ਨੂੰ ਕਿਸੇ ਤਰ੍ਹਾਂ ਨਾਲ ਵੀ ਖੰਡਤ ਨਾ ਕੀਤਾ ਜਾ ਸਕੇ।

## ਗਿ: ਬਤਨ ਸਿੰਘ ਮਠਾੜੂ

ਭੋਗ ਦੇ ਸ਼ਲੋਕ ਪੜੇ ਜਾ ਚੁਕੇ ਤਾਂ ਸ਼ਰਧਾਂਜਲੀ ਭੇਂਟ ਕਰਨ ਹਿਤ ੧੦ ਮਿੰਟ ਲਈ ਕਾਂਗਰਸੀ ਲੀਡਰ, ਚੇਅਰਮੈਨ ਜ਼ਿਲਾ ਪਰੀਸ਼ਦ ਹੁਸ਼ਿਆਰਪੁਰ ਉਠਿਆ। ਸੰਖੇਪ ਨੁਕਤੇ :

—ਸੰਤ ਫੌਜਾ ਸਿੰਘ ਜਥੇਦਾਰ ਜੀ ਦੀ ਰੂਹ ਦੀ ਸ਼ਾਂਤੀ ਲਈ ਅਸੀਂ ਸਾਰੇ ਇਥੇ ਇਕੱਤਰ ਹੋਏ ਹਾਂ। ਗੁਰੂ ਗਰੰਥ ਸਾਹਿਬ ਜੀ ਦੀ ਹਜ਼ੂਰੀ ਅਤੇ ਬਾਬਾ ਰਾਮ ਸਿੰਘ ਜੀ ਦੀ ਗੱਦੀ ਦੇ ਮਾਲਕ ਬਾਬਾ ਜਗਜੀਤ ਸਿੰਘ ਜੀ ਵੀ ਮੌਕੇ ਤੇ ਬਿਰਾਜਮਾਨ ਹਨ। ਸਤਿਗੁਰੂ ਰਾਮ ਸਿੰਘ ਜੀ ਨੇ ਉਸ ਵੇਲੇ ਸੁਦੇਸ਼ੀ ਦੀ ਲਹਿਰ ਚਲਾਈ ਜਦੋਂ ਅੰਗਰੇਜ਼ ਦੇ ਟਾਕਰੇ ਦੀ ਲੋੜ ਸੀ। ਡਾਕ ਆਪਣੇ ਪ੍ਰਬੰਧ ਹੇਠ, ਖੱਦਰ ਦਾ ਪਹਿਨਣਾ, ਕਚਿਹਰੀਆਂ ਦਾ ਬਾਈਕਾਟ ਆਦਿ ਮਹਾਤਮਾ ਗਾਂਧੀ ਨੇ ਸਤਿਗੁਰਾਂ ਤੋਂ ਹੀ ਸਿਖਿਆ।

—ਬਾਬਾ ਫੌਜਾ ਸਿੰਘ ਏਥੋਂ ਗਿਆ ਨਹੀਂ। ਜੋਤ ਵਿਚ ਜੋਤ ਸਮਾ ਗਈ ਹੈ। ਪੰਜਾਂ ਤੱਤਾਂ ਵਿਚ ਤੱਤ ਸਮਾ ਗਏ ਹਨ। ਮੌਤ ਤੋਂ ਸਾਰੇ ਡਰਦੇ ਹਨ ਪਰ ਉਹ ਨਹੀਂ ਡਰਦੇ ਜਿਨ੍ਹਾਂ ਤੇ ਗੁਰੂ ਦੀ ਕਿਰਪਾ ਹੁੰਦੀ ਹੈ। ਉਹ ਸਮਝਦੇ ਹਨ ਸਿਰਫ ਚੋਲਾ ਹੀ ਬਦਲਣਾ ਹੈ। ਜੀਵਨ ਮੁਕਤ ਸੋ ਆਖੀਐ ਮਰ ਜੀਵੈ ਮਰੀਆ।

—ਫੌਜਾ ਸਿੰਘ ਜੀ ਮਹਾਰਾਜ ਪ੍ਰਤਾਪ ਸਿੰਘ ਜੀ ਦੀ ਸੇਵਾ ਵਿਚ ਹਾਜ਼ਰ ਹੋ ਕੇ ਭਜਨ ਬਾਣੀ ਪਰਚਾਰ ਪਰਸਾਰ ਕੀਤਾ। ਸਤਿਗੁਰੂ ਜੀ ਦੀ ਸੇਵਾ ਕੀਤੀ। ਉਨ੍ਹਾਂ ਦਾ ਜਨਮ ਸਫਲ ਹੈ। ਉਹਨਾਂ ਦੇ ਮਾਤਾ ਪਿਤਾ ਧੰਨ ਹਨ।

—ਮਨੁਖੀ ਜੀਵਨ ਭਜਨ ਭਗਤੀ ਅਤੇ ਦੇਸ਼ ਸੇਵਾ ਦੇ ਲੇਖੇ ਲਾਉਣਾ ਚਾਹੀਦਾ ਹੈ। ਇਹ ਜੀਵਨ ਤਾਂ ਬਿਨਸਨ ਹਾਰ ਹੈ: "ਡਡਾ ਡੇਰਾ ਇਹੁ ਨਹੀਂ ਜਹ ਡੇਰਾ ਤਹ ਜਾਨੁ" ਅਨੁਸਾਰ ਇਕ ਦਿਨ ਹਰੇਕ ਨੇ ਚਲਣਾ ਹੈ ਪਰ ਨੇਕ ਕਮਾਈਆਂ ਵਾਲਿਆਂ ਦਾ ਜਸ ਦੂਜਿਆਂ ਨੂੰ ਵੀ ਮਾਰਗ ਦਰਸਾਂਦਾ ਹੈ।

—ਗੁਰਬਖਸ਼ ਸਿੰਘ ਸਾਡਾ ਵਰਕਰ ਹੈ। ਮੇਰਾ ਇਹਦੇ ਨਾਲ ਪਿਆਰ ਹੈ। ਬਾਬਾ ਫੌਜਾ ਸਿੰਘ ਜੀ ਨਾਲ ਇਸੇ ਕਾਰਨ ਨੇੜਤਾ ਮਿਲੀ। ਉਹ ਜੀਵਨ ਵਿਚ ਸੱਚੇ ਅਤੇ ਸੁਚੇ ਸਨ।

## ਸ੍ਰੀ ਸਤਿਗੁਰੂ ਜੀ

੧੦ ਮਿੰਟ ਵਾਸਤੇ ਪ੍ਰੀਤਮ ਸਿੰਘ ਕਵੀ ਨੂੰ ਸ਼ਰਧਾਂਜਲੀ ਭੇਟ ਕਰਨ ਦਾ ਅਵਸਰ ਮਿਲਿਆ। ਉਪ੍ਰੰਤ ਸ੍ਰੀ ਸਤਿਗੁਰੂ ਜੀ ਨੇ ਕਿਰਪਾ ਕੀਤਾ। ਸਤਿਗੁਰੂ ਜੀ ਦੇ ਸ਼ਬਦਾਂ ਦਾ ਸੰਖੇਪ :

—ਕਬੀਰ ਜੀ ਲਿਖਿਆ ਹੈ—

ਕਬੀਰ ਕਾਲਿ ਕਰੰਤਾ ਅਬਹਿ ਕਰੁ, ਅਬ ਕਰਤਾ ਸੁਇ ਤਾਲ।
ਪਾਛੈ ਕਛੂ ਨ ਹੋਇਗਾ, ਜਉ ਸਿਰ ਪਰ ਆਵੈ ਕਾਲੁ।
(੧੩੭੧)

ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ, ੧੯੩੪ ਵਿਚ, ਬੈਂਕੋਕ ਗਏ, ਉਸ ਵੇਲੇ ਦੀ ਸਿਖੀ ਅਤੇ ਹੁਣ ਦੇ ਸਿਖਾਂ ਦਾ ਪੁੰਨ ਪਰਤਾਪ ਵਖਾਣ ਲਈ, ਉਸ ਵੇਲੇ ਸਤਿਗੁਰਾਂ ਨਾਲ ਗਏ ਸਿਖਾਂ, ਸੰਤ ਫੌਜਾ ਸਿੰਘ, ਕਿਰਪਾ ਸਿੰਘ ਲਾਂਗਰੀ ਅਤੇ ਰਲਾ ਸਿੰਘ ਸਿਆਹੜ ਵਾਲੇ ਨੂੰ ਦੋਬਾਰਾ ਬੈਂਕੋਕ ਵਖਾਣ ਲਈ ਸੋਚਦਾ ਹੀ ਰਿਹਾ, ਜਥੇਦਾਰ ਜੀ ਪੂਰੇ ਹੋ ਗਏ, ਕਿਰਪਾ ਸਿੰਘ ਲੱਭ ਹੀ ਨਹੀਂ ਰਿਹਾ, ਰਲਾ ਸਿੰਘ ਬਾਕੀ ਹੈ। ਉਹਦੇ ਪਾਸਪੋਰਟ ਦਾ ਜਤਨ ਕਰ ਰਹੇ ਹਾਂ, ਜੇ ਸਤਿਗੁਰਾਂ ਕਿਰਪਾ ਕੀਤੀ ਤਾ ਉਸਨੂੰ ਬੈਂਕੋਕ ਦੀ ਸਿਖੀ ਵਖਾ ਲਿਆਵਾਂਗੇ।

—ਰੰਗੂਨ, ੧੯੩੪ ਵਿਚ ਨਾਮਧਾਰੀਆਂ—ਅਕਾਲੀਆਂ ਦੀ ਨਹੀਂ, ਅਕਾਲੀਆਂ—ਨਿਰੰਕਾਰੀਆਂ ਦੀ ਨਹੀਂ, ਸਗੋਂ ਅਕਾਲੀਆਂ—ਅਕਾਲੀਆਂ ਦੀ ਲੜਾਈ ਹੋਈ। ਲੜਾਈ ਸਿਵਲੀਅਨ ਤੇ ਫੌਜੀ ਗੁਟਾਂ ਵਿਚਾਲੇ ਸੀ ਅਤੇ ਓਥੋਂ ਦੇ ਗੁਰਦੁਆਰੇ ਨੂੰ ਜੰਦਰੇ ਵਜ ਗਏ। ਇਸ ਦਸ਼ਾ ਨੂੰ ਵੇਖ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਹੁਤ ਦੁਖ ਮਹਿਸੂਸ ਕੀਤਾ।

—ਸਿਖਾਂ ਵਿਚ ਪਰਸਪਰ ਸਦਭਾਵਨਾ ਪੈਦਾ ਕਰਨ ਵਾਸਤੇ, ਸਤਿਗੁਰੂ ਜੀ ਨੇ ਆਪਣੇ ਘਰ ਦਸ ਪਾਤਸ਼ਾਹੀਆਂ ਤਕ ਦਾ ਅਰਦਾਸਾ ਕਰਵਾ ਕੇ ਮਾਰਗ ਪ੍ਰਸ਼ਸਤ ਕੀਤਾ ਕਿ


Sri Satguru Jagjit Singh Ji eLibrary NamdhariElibrary@gmail.com

ਨਾਮਧਾਰੀਆਂ ਨੂੰ ਵੀ ਗੁਰਦੁਆਰਿਆਂ ਵਿਚ ਬਾਰਾਂ ਪਾਤਸ਼ਾਹੀਆਂ ਅਰਦਾਸਾ ਕਰਨ ਦਿਤਾ ਜਾਵੇ ।

—ਜਿਥੇ ਸਿਆਸਤ ਦੀ ਪ੍ਰਧਾਨਤਾ ਹੋਵੇਗੀ ਓਥੇ ਧਰਮ ਤੇ ਸਦਭਾਵਨਾ ਦੂਰ ਹੋ ਜਾਣਗੇ ।

—ਪ੍ਰਥਾ ਪੈਦਾ ਕੀਤੀ ਗਈ ਹੈ ਲੈਕਚਰ ਦੇ ਦੇ ਕੇ, ਲੇਖ ਲਿਖ ਲਿਖ ਕੇ ਕਿ ਮਾਸ ਨਾ ਖਾਣਾ ਉਹਨਾਂ ਲਈ ਜ਼ਰੂਰੀ ਹੈ ਜਿਹੜੇ ਨਾਮ ਅਭਿਆਸੀ ਹਨ । ਇਸ ਪ੍ਰਚਾਰ ਦੇ ਪ੍ਰਭਾਵ ਨੂੰ ਇਹੋ ਗੱਲ ਸਪਸ਼ਟ ਕਰ ਸਕਦੀ ਹੈ ਕਿ ਜੇ ਕਲਿਜੁਗ ਵਿਚ ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਹੋਣੀਆਂ ਤਾਂ ਕਦੋਂ ਹੋਣੀਆਂ ਹਨ ? ਸਾਡੇ ਦਿਲ ਕਾਲੇ ਹੋਏ ਪਏ ਹਨ, ਸਾਡੀ ਸਮਝ ਕਾਲੀ ਹੋਈ ਪਈ ਹੈ । ਹਕੀਕਤ ਸਾਨੂੰ ਨਜ਼ਰ ਨਹੀਂ ਆਉਂਦੀ, ਪਰ ਇਸ ਸਮੇਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਵਾਕ—

ਕਲਿਜੁਗ ਮੈਂ ਸਤਿਜੁਗ ਵਰਤਾਊਂ,
ਤਬੀ ਬਾਰ੍ਹਵਾਂ ਬਪ ਕਹਾਊਂ ।

ਕਲਿਜੁਗ ਵਿਚ ਵੀ ਸਤਿਜੁਗੀ ਸਿਫਤਾਂ ਵਾਲਾ ਇਹ ਨਾਮਧਾਰੀ ਪੰਥ ਸਾਜਿਆ । ਇਸ ਪੰਥ ਦੇ ਬਹੁਤ ਵਡੇ ਹੀਰੇ ਸਨ ਸੰਤ ਫੌਜਾ ਸਿੰਘ ਹੋਰੀਂ, ਪਤਾ ਨਹੀਂ ਉਹਨਾਂ ਕਿੰਨੇ ਸਿਖ ਸਜਾਏ ਅਤੇ ਕਿੰਨਿਆਂ ਨੂੰ ਸਿੱਧੀਆਂ, ਠੇਠ ਅਤੇ ਹਸਾਉਣੀਆਂ ਗੱਲਾਂ ਕਰਕੇ ਅਮ੍ਰਿਤਪਾਨ ਕਰਵਾਇਆ ।

—ਕਵੀ ਹੁਰਾਂ ਨੇ ਇਹਨਾਂ ਦੇ ਬੱਚਿਆਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਜਥੇਦਾਰ ਹੁਰਾਂ ਦੇ ਦਰਸ਼ਨ ਹੋਏ ਦੱਸੇ ਹਨ, ਇਹ ਇੰਜ ਹੀ ਹੈ ਜਿਵੇਂ ਬਾਰਸ਼, ਕਈ ਵਾਰ, ਇਕ ਖੇਤ ਛਡਦੀ, ਨਾਲ ਦੇ ਖੇਤ ਵਿਚ ਪਾਣੀ ਪਾਣੀ ਕਰ ਦਿੰਦੀ ਹੈ । ਜਿਸ ਤੇ ਸਤਿਗੁਰੂ ਦੀ ਕ੍ਰਿਪਾ ਹੋਵੇ ਉਸ ਨੂੰ ਦਰਸ਼ਨ ਦਾਤ ਬਖਸ਼ੀ ਜਾਂਦੀ ਹੈ । ਹੁਣ ਫੌਜਾ ਸਿੰਘ ਹੁਰਾਂ ਆਪ ਆ ਕੇ ਦਸਿਆ ਹੈ ਕਿ ਉਹ ਹਰ ਤਰ੍ਹਾਂ ਸੁਖੀ, ਪ੍ਰਸੰਨ ਅਤੇ ਸਤਿਗੁਰਾਂ ਦੇ ਚਰਨਾਂ ਵਿਚ ਹਨ ।

—ਇਕ ਵਾਰ, ਪਟਿਆਲੇ ਕਿਸੇ ਪੰਥਕ ਮਸਲੇ ਹਿਤ, ਜਸਟਿਸ ਗੁਰਨਾਮ ਸਿੰਘ, ਜਥੇਦਾਰ ਉਧਮ ਸਿੰਘ ਨਾਗੋਕੇ, ਸ: ਗਿਆਨ ਸਿੰਘ ਰਾੜੇਵਾਲਾ ਅਤੇ ਮੈਂ ਮਹਾਰਾਜ ਪਟਿਆਲਾ ਨੂੰ ਮਿਲਣ ਗਏ । ਇਕ ਕਮਰੇ ਵਿਚ ਚਾਰੇ ਬੈਠੇ ਸਾਂ ਕਿ ਜਸਟਿਸ ਗੁਰਨਾਮ ਸਿੰਘ ਨੇ ਆਖਿਆ : ਇਹ ਗੁਰਦੁਆਰਿਆਂ ਵਾਸਤੇ ਚੋਣਾਂ—ਵੋਟਾਂ ਦਾ ਪ੍ਰਬੰਧ ਸਾਨੂੰ ਲੈ ਬਹੇਗਾ । ਇਸ ਗੱਲ ਤੇ ਕਿਸੇ ਵੀ ਕਿੰਤੂ ਨਹੀਂ ਕੀਤਾ । ਪਰ ਜੇ ਕੋਈ ਮੇਰੇ ਵਰਗਾ ਇਹੋ ਗੱਲ ਹੀ ਕਰੇ ਤਾਂ ਗੁੱਸਾ ਕੀਤਾ ਜਾਂਦਾ ਹੈ ਕਿ ਸਾਡੇ ਪ੍ਰਬੰਧ ਨੂੰ ਮਾੜਾ ਕਿਉਂ ਆਖਿਆ ਜਾਵੇ !

—ਭਜਨ ਬਾਣੀ ਗੁਰਦੁਆਰਿਆਂ ਵਾਲਿਆਂ ਤੋਂ ਛੁਟ ਗਿਆ ਹੈ, ਸਿਆਸਤ ਪਲੇ ਪੈ ਗਈ ਹੈ । ਗੁਰਬਾਣੀ ਵਿਚ ਸੱਚ ਨੂੰ ਆਧਾਰ ਬਣਾਇਆ ਗਿਆ ਹੈ ਪਰ ਚੋਣ ਸਿਸਟਮ ਵਿਚ ਤਾਂ ਨਿਰਾ ਝੂਠ ਹੀ ਝੂਠ ਰਹਿ ਜਾਂਦਾ ਹੈ । ਵਾਕ ਲੈਣ ਵਿਚ ਜੇ ਸ਼ਬਦ ਨੇ ਸੰਸਾਰਕ ਰਾਜ ਨੂੰ ਨਿੰਦਿਆ ਹੋਵੇ, ਤਾਂ ਵੀ ਚੋਣ ਲੜਨ ਵਾਲੇ ਨੇ ਤਾਂ ਝੂਠ ਦੀ ਟੇਕ ਤੇ ਹੀ ਚੋਣ ਜਿੱਤਣੀ ਹੁੰਦੀ ਹੈ ।

—ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ।

—ਸਤਿਗੁਰੂ ਦੇ ਪਿਆਰ ਵਾਲੇ, "ਜਿਹ ਮਰਨੈ ਤੇ ਜਗ ਡਰੈ ਮੇਰੇ ਮਨਿ ਆਨੰਦ" ਵਾਲੀ ਅਵਸਥਾ ਵਾਲੇ ਹੋ ਜਾਂਦੇ ਹਨ ।

ਏਥੇ ਵੀ, ਜਦੋਂ ਪਤਾ ਲਗੇ ਕਿ ਵਲਾਇਤ ਜਾਣ ਦਾ ਪਰਮਿਸ਼ਨ ਮਿਲ ਗਿਆ ਹੈ ਤਾਂ ਬੰਦਾ ਘਰ, ਜ਼ਮੀਨ, ਜਾਇਦਾਦ ਸਭ ਕੁਝ ਛਡ ਕੇ ਵਲਾਇਤ ਚਲਾ ਜਾਂਦਾ ਹੈ । ਸਤਿਗੁਰੂ ਦੇ ਪ੍ਰੇਮ ਵਾਲੇ ਵੀ ਸੰਤ ਫੌਜਾ ਸਿੰਘ ਜੀ ਵਾਂਗ ਅਗਲੇ ਪਾਸੇ, ਵਡੇ ਸੁਖ ਵਲ ਜਾਂਦਿਆਂ ਸੰਕੋਚ ਨਹੀਂ ਕਰਦੇ, ਸਗੋਂ ਖੁਸ਼ੀ ਅਨੁਭਵ ਕਰਦੇ ਹਨ ।

ਸਤਿਗੁਰੂ ਜੀ ਦੇ ਇਹਨਾਂ ਸ਼ਬਦਾਂ ਨਾਲ ਦੀਵਾਨ ਦੀ ਸਮਾਪਤੀ ਹੋ ਗਈ । ਸਾਧ ਸੰਗਤ ਨੇ ਪ੍ਰਸ਼ਾਦ ਲਿਆ ।

### ਸਫ਼ਰ

ਇਸ ਇਲਾਕੇ ਦੇ ਸਿੰਘਾਂ ਦਾ ਸਤਿਗੁਰੂ ਜੀ ਦੇ ਡੇਰੇ ਇਕੱਠ ਹੋਇਆ ਜਿਸ ਵਿਚ (ਸਤਿਗੁਰੂ ਪ੍ਰਤਾਪ ਸਿੰਘ) ਸਿਮ੍ਰਤੀ ਮੰਦਰ ਵਾਸਤੇ ਉਗਰਾਹੀਆਂ ਲਿਖਵਾਈਆਂ ਗਈਆਂ ਅਤੇ ਐਨ ੪ ਵਜੇ ਸ੍ਰੀ ਸਤਿਗੁਰੂ ਜੀ ਦੀ ਕਾਰ ਸੇਵਕਾਂ ਅਤੇ ਪੰਡਤ ਜੀ ਨੂੰ ਲੈ ਕੇ ਜਲੰਧਰ ਦੇ ਪੰਧੇ ਪੈ ਗਈ ।

### ਸੰਤ ਬੁਧ ਸਿੰਘ

ਮੈਂ ਸ੍ਰੀ ਗੁਰਦੀਪ ਸਿੰਘ ਅਹੀਆਪੁਰ ਦੇ ਟ੍ਰਕ ਦੀ ਵਰਤੋਂ ਟਾਂਡਾ ਜਾਣ ਤਕ ਕੀਤੀ । ਏਥੇ ਨਾਮਧਾਰੀਆਂ ਵਿਚ ਵਿਖਿਆਤ ਸੰਤ ਬੁਧ ਸਿੰਘ ਬੈਠੇ ਹੋਏ ਸਨ । ਉਮਰ ੬੦ ਦੇ ਲਾਗੇ ਚਾਗੇ ਹੋਵੇਗੀ । ਪਿਛਲੇ ਸਾਲ ਫਾਲਿਜ ਦਾ ਹਮਲਾ ਹੋਣ ਕਾਰਨ ਖੱਬਾ ਪਾਸਾ ਸਰੀਰ ਦਾ ਕਮਜ਼ੋਰ ਹੋ ਗਿਆ ਹੈ । ਪਰ ਆਪਣੀ ਕਿਰਿਆ ਆਪ ਸਾਧਦੇ, ਗੱਲਾਂ ਬਾਤਾਂ ਠੀਕ ਢੰਗ ਨਾਲ ਕਰਦੇ, ਸਤਿਗੁਰੂ ਦੀ ਕਿਰਪਾ ਹੀ ਸਮਝਦੇ ਹਨ ਜੋ ਏਨਾ ਕੁਝ ਕਰਨ ਦੇ ਵੀ ਯੋਗ ਰਹਿ ਗਏ ਹਨ । ਅੱਜ ਜਦੋਂ ਸਤਿਗੁਰੂ ਜੀ ਦੀਵਾਨ ਸਮਾਪਤੀ ਪਿਛੋਂ, ਚੁਟਾਲੇ ਜਥੇਦਾਰ ਫੌਜਾ ਸਿੰਘ ਦੇ ਭੋਗ ਬਾਦ ਉਠੇ ਤਾਂ ਸੰਤ ਬੁਧ ਸਿੰਘ ਜੀ ਨੇ ਹਜ਼ੂਰ ਦੇ ਚਰਨਾਂ ਤੇ ਸਿਰ ਝੁਕਾ ਕੇ ਮੱਥਾ ਟੇਕਿਆ । ਸਤਿਗੁਰਾਂ ਪਿਆਰ ਨਾਲ ਥਾਪੀ ਦਿਤੀ ਅਤੇ ਸੁਖਸਾਂਦ ਪੁੱਛੀ । ਅਜਿਹੇ ਸਮੇਂ ਸਿੱਖਾਂ ਅੰਦਰ ਇਕ ਸਰੂਰ ਆ ਜਾਂਦਾ ਅਤੇ ਅੱਖੀਆਂ ਛਲਕ ਉਠਦੀਆਂ ਹਨ ।

ਟਾਂਡੇ ਤੋਂ ਬੜੀ ਹਰਿਆਲੀ ਸੜਕ ਵਿਚਦੀ ਬਸ


Sri Satguru Jagjit Singh Ji eLibrary NamdhariElibrary@gmail.com

ਦੁਆਰਾ ਗੁਜ਼ਰਦਿਆਂ ਦੋਹੀਂ ਪਾਸੀਂ ਪੱਕਾ ਹੋਇਆ ਝੋਨਾ, ਕਮਾਦੀਆਂ, ਕਿਤੇ ਕਿਤੇ ਬਾਜਰੇ ਦੇ ਖੇਤ ਅਤੇ ਅਗਲੀ ਫਸਲ ਲਈ ਤਿਆਰ ਕੀਤੇ ਖੇਤ ਨਜ਼ਰ ਪੈਂਦੇ ਚਲੇ ਗਏ।

**ਜਲੰਧਰ**

ਮੈਂ ੭.੩੦ ਵਜੇ ਸ਼ਾਮੀਂ, ਜਲੰਧਰ ਵਿਖੇ ਸ: ਜਗਦੀਸ਼ ਸਿੰਘ "ਵਰਿਆਮ" ਕੇ ਘਰ ਪਹੁੰਚਾ। ਅਜੇ ਅੱਧਾ ਘੰਟਾ ਹੀ ਬੀਤਿਆ ਹੋਵੇਗਾ ਕਿ ਜਲੰਧਰ ਦੇ ਸ੍ਰੀ ਸੁਰਜੀਤ ਸਿੰਘ ਸਕੂਟਰ ਲੈ ਕੇ ਆ ਗਏ। ਸਤਿਗੁਰੂ ਜੀ ਨੇ ਤੁਹਾਨੂੰ ਸਤਵੰਤ ਸਿੰਘ ਦੇ ਘਰ ਬੁਲਾਇਆ ਹੈ।

ਜਾਕੇ ਵੇਖਿਆ, ਸਤਿਗੁਰੂ ਜੀ ਵਿਹੜੇ ਵਿਚ ਇਕ ਪਤਲੋ ਜਿਹੀ ਮੰਜੀ ਤੇ ਵਿਛੇ ਕਪੜੇ ਉਤੇ ਲੇਟੇ ਹੋਏ ਸਨ, ਕੋਲ ਸ੍ਰੀ ਜਗਦੀਸ਼ ਸਿੰਘ, ਠੇਕੇਦਾਰ ਦਰਸ਼ਨ ਸਿੰਘ ਪ੍ਰਧਾਨ, ਸੰਤ ਮਹਿੰਦਰ ਸਿੰਘ, ਸੰਤ ਉਜਾਗਰ ਸਿੰਘ, ਸੰਤ ਰੂਖਲ ਸਿੰਘ (ਦਾਮਾਦ ਸੂਬਾ ਅਮਰੀਕ ਸਿੰਘ ਜੀ) ਆਦਿ ਜਲੰਧਰ ਦੇ ਕਈ ਸਰੀਰ ਬੈਠੇ ਹੋਏ ਸਨ। ਜਲੰਧਰ ਦੀਆਂ ਬਸਤੀਆਂ ਦੋਕੋਹੇ ਆਦਿ ਨੇੜੇ ਦੇ ਪਿੰਡਾਂ ਵਿਚੋਂ ਸਕੂਟਰ ਕਾਰਾਂ ਭੇਜ ਭੇਜ ਸਿੰਘ ਬੁਲਾਏ ਜਾ ਰਹੇ ਸਨ। ਮਸਲਾ ਸੀ ਸਿਮ੍ਰਤੀ ਮੰਦਰ ਦੀ ਉਗਰਾਹੀ ਦਾ। ਮੇਰੇ ਹੁੰਦਿਆਂ ਕੁਝ ਸਰੀਰਾਂ ਦੇ ਜ਼ਿਮੇ ਗੇਣਵੀਂ ਰਕਮ ਲਾਈ ਗਈ। ਕੋਈ ਜੋ ਘੱਟ ਚਾਹੁੰਦੇ ਸਨ ਉਹਨਾਂ ਦੀ ਵਧਾਈ ਗਈ, ਜੋ ਵੱਧ ਦੇਣ ਲਈ ਤਿਆਰ ਸਨ ਉਹਨਾਂ ਨੂੰ ਅੱਧੀ ਅੱਧੀ ਰਕਮ ਦੀ ਛੋਟ ਦਿਤੀ ਗਈ।

ਸਤਿਗੁਰੂ ਜੀ ੯ ਵਜੇ ਰਾਤ ਤਕ ਜ਼ਿਮੇਵਾਰੀਆਂ ਲਾਕੇ ਸ੍ਰੀ ਭੈਣੀ ਸਾਹਿਬ ਵਲ ਚਲੇ ਗਏ। ਕਲ੍ਹ ਨੂੰ ਲੁਹਾਰੀਂ (ਲੁਹਾਰ ਪ੍ਰਤਾਪਪੁਰਾ—ਜਲੰਧਰ ਨਕੋਦਰ ਰੋਡ ਤੇ) ਦੁਪਹਿਰ ਦਾ ਦੀਵਾਨ ਹੈ, ਸਤਿਗੁਰੂ ਜੀ ਦਰਸ਼ਨ ਦੇਣਗੇ।

## ੧੧ ਅਕਤੂਬਰ ੧੯੭੮, ਬੁੱਧਵਾਰ
## ਜਲੰਧਰ—ਨਵੀਂ ਦਿੱਲੀ

**ਦੁਕੋਹੇ ਲਈ ਫੋਨ**

੮ ਵਜੇ ਸਵੇਰੇ ਮੇਰੇ ਕਮਰੇ ਦੇ ਬਾਹਰ ਕਿਸੇ ਅਵਾਜ਼ ਦਿਤੀ: ਜਗਦੀਸ਼ ਸਿੰਘ ਜੀ ਜਲਦੀ ਆਓ, ਤੁਹਾਡਾ ਫੋਨ ਹੈ। ਜਗਦੀਸ਼ ਸਿੰਘ ਅਜੇ ਤਿਆਰ ਨਹੀਂ ਸੀ। ਉਸ ਮੈਨੂੰ ਭੇਜਿਆ। ਤੀਜੇ ਚੌਥੇ ਘਰ ਫੋਨ ਸੀ। ਇਕ ਬੈਠਕ ਵਿਚ ਦਰਮਿਆਨੀ ਉਮਰ ਦਾ ਇਕ ਹਿੰਦੂ ਸਜਣ ਚੌਕੜਾ ਲਾ, ਉੱਨ ਦੀ ਮਾਲਾ ਫੇਰਦਾ ਵੇਖਿਆ। ਕੋਲ ਹੀ ਫੋਨ ਸੀ, ਉਠਾਇਆ। ਸੰਤ ਤਰਸੇਮ ਸਿੰਘ ਭੈਣੀ ਸਾਹਿਬ ਤੋਂ ਬੋਲ ਰਿਹਾ ਸੀ: ਸਤਿਗੁਰੂ ਜੀ ਦੁਕੋਹੇ ਵਾਲੀ ਮਾਈ ਦੇ ਘਰ ਅੱਜ ਦੋ ਵਜੇ ਦਪਹਿਰੇ ਦਰਸ਼ਨ ਦੇਣਗੇ। ਉਹਨਾਂ ਨੂੰ ਸੂਚਿਤ ਕੀਤਾ ਜਾਏ।......

ਰਾਤੀਂ ਇਕ ਮਾਈ ਤੇ ਇਕ ਦੋ ਹੋਰ ਸਿੰਘ ਦੁਕੋਹਿਓਂ ਸਤਿਗੁਰੂ ਜੀ ਦੀ ਸੇਵਾ ਵਿਚ ਆਏ ਸਨ। ਮਾਈ ਕਹਿ ਰਹੀ ਸੀ: ਦੀਨ ਦਿਆਲ, ਉਹ (ਬਾਬਾ ਪਾਲਾ ਸਿੰਘ ਮਈਓ ਦਾਤਾ) ਆਪ ਜੀ ਨੂੰ ਬਹੁਤ ਯਾਦ ਕਰਦੇ ਰਹਿੰਦੇ ਹਨ, ਆਪ ਜ਼ਰੂਰ ਦਰਸ਼ਨ ਦਿਓ।

ਮਾਈ ਨੂੰ ਦਸਿਆ ਗਿਆ, ਕਿਸੇ ਮੁਨਾਸਬ ਸਮੇਂ ਦੁਕੋਹੇ ਆਇਆ ਜਾਏਗਾ, ਅਤੇ ਉਹ ਮੁਨਾਸਬ ਸਮਾਂ ਅੱਜ ਹੀ ਆ ਗਿਆ।

**ਇਕ ਚਿੱਠੀ ਜੋਧਪੁਰੋਂ**

ਸਤਿਗੁਰੂ ਜੀ ਦੇ ਸਕੱਤਰ ਨੇ ਮੈਨੂੰ ਦਿੱਲੀ ਵਿਚ ਇਕ ਚਿੱਠੀ ਦਿਤੀ ਸੀ, ਉਹ ਮੈਨੂੰ, ਮੇਰੇ ਕਾਗਜ਼ਾਂ 'ਚੋਂ ਅੱਜ ਮਿਲੀ ਹੈ। ਸੰਤ ਤਰਸੇਮ ਸਿੰਘ ਨੂੰ ਸੰਬੋਧਤ ਸ੍ਰੀ ਜੋਗਾ ਸਿੰਘ ਜੋਧਪੁਰ ਨੇ ਲਿਖੀ ਸੀ। ਉਤਾਰਾ:

"ਸ੍ਰੀ ਸਤਿਗੁਰੂ ਜੀ ਜਦੋਂ ਜੋਧਪੁਰ ਆਏ ਸੀ ਤਾਂ ਜਿਹੜਾ ਝੰਡਾ ਸ੍ਰੀ ਸਤਿਗੁਰੂ ਜੀ ਦੀ ਕਾਰ ਅਗੇ ਲਗਾ ਸੀ, ਉਹ ਅਸਾਂ, ਬਾਦ ਵਿਚ ਲਾਹ ਕੇ ਸ: ਸੁਰਿੰਦਰ ਸਿੰਘ ਦੇ ਕੋਠੇ ਤੇ ਲਾ ਦਿਤਾ ਸੀ, ਸ਼ਾਇਦ ਆਪ ਨੇ ਦੇਖਿਆ ਵੀ ਹੋਵੇਗਾ। ੧੬ ਸਤੰਬਰ ੭੮ ਨੂੰ ਸ਼ਾਮ ਦੇ ੬ ਵਜੇ ਦੇ ਕਰੀਬ ਦੁੱਧ ਦੇਣ ਵਾਲਾ ਸ: ਸੁਰਿੰਦਰ ਸਿੰਘ ਜੀ ਰਜਿਸਟਰਾਰ ਦੇ ਘਰ ਆਇਆ। ਉਹਨਾਂ ਦੇ ਮਾਤਾ ਜੀ ਦੁਧ ਲੈਂਦੇ ਸੀ ਤਾਂ ਦੁਧ ਵਾਲਾ ਉਪਰ ਨੂੰ ਵੇਖਕੇ ਕਹਿਣ ਲਗਾ, ਮਾਤਾ ਜੀ ਤੁਹਾਡੇ ਕੋਠੇ ਤੇ ਚਿਟੇ ਬਸਤਰਾਂ ਵਾਲਾ ਇਕ ਆਦਮੀ ਹੈ। ਮਾਤਾ ਜੀ ਕਹਿਣ ਲਗੇ, ਨਹੀਂ ਝੰਡਾ ਲਗਾ ਹੈ। ਉਹ ਕਹਿਣ ਲਗਾ ਨਹੀਂ, ਆਦਮੀ ਹੈ, ਮਾਤਾ ਜੀ ਨੂੰ ਝੰਡਾ ਦਿਖਾਈ ਦੇਵੇ ਤੇ ਉਸ ਨੂੰ ਆਦਮੀ ਦਿਖਾਈ ਦੇਵੇ, ਜਦੋਂ ਉਸ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਫੋਟੋ ਵਖਾਇਆ, ਕਹਿਣ ਲਗਾ, ਇਹੋ ਹੀ ਉਪਰ ਖੜੇ ਸਨ। ਧੰਨ ਹਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜਿਹੜੇ ਗੁਪਤ ਰੂਪ ਵਿਚ ਆ ਕੇ ਆਪਣੀ ਸੰਗਤ ਨੂੰ ਜੋਧਪੁਰ ਦੇਖ ਕੇ ਗਏ ਹਨ—ਥੋੜੇ ਚਿਰਾਂ ਬਾਦ ਸਤਿਗੁਰੂ ਜੀ ਅਲੋਪ ਹੋ ਗਏ—ਦਰਸ਼ਨ ਸਿਰਫ਼ ਦੁਧ ਵਾਲੇ ਨੂੰ ਹੀ ਦਿਤੇ।

**ਲੁਹਾਰਾਂ ਵਾਲਿਆਂ ਦਾ**
**ਪਿਤਾ ਸੁਰਗਵਾਸ**

ਸੰਤ ਭਗਵਾਨ ਸਿੰਘ, ਕਿਰਪਾਲ ਸਿੰਘ, ਦਿਆਲ ਸਿੰਘ ਬਲਵੰਤ ਸਿੰਘ ਹੁਰਾਂ ਦਾ ਪਿਤਾ ਸੰਤ ਪ੍ਰੇਮ ਸਿੰਘ ਪੂਰਾ ਹੋ ਗਿਆ ਹੈ। ਦੋ ਕੁ ਵਜੇ ਉਸਦਾ ਭੋਗ ਪੈਣਾ ਹੈ, ਜਿਥੇ ਸੱਚੇ ਪਾਤਸ਼ਾਹ ਜੀ ਨੇ ਦਰਸ਼ਨ ਦੇਣੇ ਹਨ। ਸ: ਜਗਦੀਸ਼ ਸਿੰਘ 'ਵਰਿਆਮ' ਨੇ ਮੈਨੂੰ ਦਸਿਆ: ਘਰ ਵਾਲਿਆਂ ਵਲੋਂ ਤਾਂ ਕੋਈ ਸੂਚਨਾ ਮਿਲੀ ਨਹੀਂ ਪਰ ਮੈਂ ਸਾਰੀ ਜਲੰਧਰ ਦੀ ਸੰਗਤ ਨੂੰ ਲੁਹਾਰ ਪ੍ਰਤਾਪ ਪੁਰੇ ਦੋ ਵਜੇ ਤਕ ਪਹੁੰਚ ਜਾਣ ਲਈ ਆਖਿਆ ਹੈ। (ਚਲਦਾ)


Sri Satguru Jagjit Singh Ji eLibrary NamdhariElibrary@gmail.com

# ਊਟੀ ਦੀ ਬਿਊਟੀ ਕੂਨੂਰ, ਸੁਖ ਭਰਪੂਰ

—ਪ੍ਰੀਤਮ ਸਿੰਘ ਕਵੀ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਇਕ ਅਜਿਹਾ ਸਿੱਖ ਜੁ ਚਾਹ ਦੇ ੫੦ ਏਕੜ ਬੂਟਿਆ ਵਿਚ ਮਹੱਲ ਵਰਗਾ ਘਰ ਬਣਾਕੇ ਬੈਠਾ ਹੋਇਆ ਹੈ, ਉਸਦੀ ਪ੍ਰੀਤ ਦਾ ਝਲਕਾਰਾ ਪੁਆਣ ਲਈ ਸਤਿਗੁਰੂ ਜੀ ਨੇ ਅਚਾਨਕ (੪-੬-੮੭), ਊਟੀ, ਪਰਬਤਾਂ ਦੀ ਰਾਣੀ, ਤੇ ਪਧਾਰਨ ਦਾ ਮਨ ਬਣਾ ਲਿਆ। ਇਕ ਰਾਤ ਊਟੀ, ਤਾਮਿਲਨਾਡੂ ਰਾਜ ਦੀ ਪਰਮ ਪ੍ਰਸਿਧ ਸੁੰਦਰਤਾ ਮਾਣਨ ਦਾ ਪ੍ਰੋਗਰਾਮ ਸੀ। ਜਾਣ ਵਾਲੇ ੧੨ ਵਿਅਕਤੀਆਂ ਵਿਚ ਮੇਰੇ ਨਾਂ ਦੀ ਸਿਫਾਰਸ਼ ਵੀ ਹੋ ਗਈ। ਸ੍ਰੀ ਸਤਿਗੁਰੂ ਜੀ ਦੀ ਪੀ.ਜੇ.ਕਿਉ. ੧ ਵਿਚ ਸ੍ਰੀ ਹਜ਼ੂਰ ਆਪ, ਆਪ ਜੀ ਦਾ ਦਾਮਾਦ ਸੰਤ ਜਗਤਾਰ ਸਿੰਘ, ਸਪੁੱਤਰੀ ਸਾਹਿਬ ਕੌਰ ਜੀ, ਸੇਵਕ ਬਲਦੇਵ ਸਿੰਘ ਅਤੇ ਡਰਾਈਵਰ ਗੁਰਮੁਖ ਸਿੰਘ। ਦੂਜੀ ਗੱਡੀ, ਮੈਟਾਡੋਰ ਵਿਚ ਠਾਕਰ ਉਦੈ ਸਿੰਘ, ਸ੍ਰੀ ਹਰਪਾਲ ਸਿੰਘ ਮੈਨੇਜਰ ਨਾਮਧਾਰੀ ਫਾਰਮ, ਬਿੜਦੀ, ਸ੍ਰੀ ਅਤਰ ਸਿੰਘ ਹਰਟੀਕਲਚਰਿਸਟ ਨਾਮਧਾਰੀ ਫਾਰਮ, ਦੋ ਅੰਗ ਰਖਿਅਕ ਸ੍ਰੀ ਸਿੰਦਰ ਸਿੰਘ ਬੋਪਾਲ ਤੇ ਸ੍ਰੀ ਦਰਸ਼ਨ ਸਿੰਘ ਅੰਬਰਾਸਰੀ, ਡਰਾਈਵਰ ਗੁਰਮੁਖ ਸਿੰਘ ਜੂਨੀਅਰ ਅਤੇ ਲੇਖਕ। ਫਾਰਮ ਤੋਂ ੨੫੦ ਕਿਲੋਮੀਟਰ ਸਫਰ ਕਰਕੇ ੨੨੫੦ ਮੀਟਰ ਉਚਾਈ, ੩੬ ਮੁਰਬਾ ਕਿਲੋਮੀਟਰ ਖੇਤਰ ਅਤੇ ੭੮੨੭੭ ਵਸੋਂ ਵਾਲੇ ਉਧਗਾ ਮੰਡਲਪ ਅਰਥਾਤ ਊਟੀ ਪਹੁੰਚੇ। ਗਰਮੀਆਂ ਵਿਚ ਵੱਧ ਤੋਂ ਵੱਧ ੨੫ ਸੈਲਸੀਅਸ ਤਾਪਮਾਨ ਵਾਲੇ ਇਸ ਸਥਾਨ ਤੋਂ ੩੦ ਕਿਲੋਮੀਟਰ ਪਿਛੇ ਮੱਦੂ ਮਲਾਈ ਤੋਂ ਜੇ ਸਾਫ਼ ਸੜਕ ਤੇ ਜਾਈਏ ਤਾਂ ੬੩ ਕਿ: ਮੀ: ਚਲਣਾ ਪੈਂਦਾ ਹੈ, ਪਰ ਜੇ ਸਤਿਗੁਰੂ ਨਾਲ ਹੋਣ ਤਾਂ ਵਿਕਟ ਰਸਤਿਆਂ ਦਾ ਮਜ਼ਾ ਆਉਂਦਾ ਹੈ। ਇਸ ਛੋਟੇ ਰਾਹੇ ਚੱਲਿਆਂ ੩੬ ਅਰਕ-ਮੋੜ, ਅੰਗਰੇਜ਼ੀ ਵਿਚ ਉਨ੍ਹਾਂ ਨੂੰ ਹੇਅਰ ਪਿੰਨ ਬੈਂਡ ਕਹਿੰਦੇ ਹਨ, ਲਗਭਗ ਸਿੱਧੀ ਚੜ੍ਹਾਈ। ਸਵੇਰੇ ਪੰਜ ਦੇ ਚਲੇ ਹੋਏ ੧੨ ਵਜੇ ਊਟੀ ਅਪੜੇ, ਖਾਣ-ਪੀਣ ਤੇ ਰਾਹ ਦੀਆਂ ਹੋਰ ਮੁਸ਼ਕਲਾਂ ਸਰ ਕਰਕੇ। ਧਰਤੀਓਂ ਉਪਰ ਜਿਵੇਂ ਦੇਵ ਲੋਕ ਵਿਚ ਆ ਗਏ ਸਾਂ। ਸੀਤ ਸ਼ਹਿਰ ਨੂੰ ਅੱਜ ਸੰਪੂਰਨ ਸੂਰਜ ਦੀ ਧੁਪ ਦਾ ਨਿੱਘ ਮਿਲ ਰਿਹਾ ਸੀ। ਦੁਆਲੇ ਗੋਲ ਪਰਬਤ ਸਿਖਰਾਂ ਏਥੇ ਰੁਖ ਹੈਨ ਪਰ ਦੂਰ ਵਖ ਵਖ ਕੋਨਿਆਂ ਵਿਚ ਜਾਂ ਭਰਪੂਰ ਬਿਰਛ ਸੁੰਦਰਤਾ ਹੈ ਊਟੀ ਬੁਟੈਨੀਕਲ ਗਾਰਡਨ ਅਰਥਾਤ ਬਿਰਛ ਬੂਟਾ ਬਾਗ ਵਿਚ।

ਊਟੀ ਦੀ ਸੁੰਦਰਤਾ ਦੀ ਚਰਚਾ ਤਾਂ ਸੁਣੀ ਹੋਈ ਸੀ ਪਰ ਜੇਹੀ ਸੁਣੀ ਦੀ ਸੀ ਤੇਹੀ ਡਿੱਠੀ। ਠੰਢ, ਨਿੱਘ, ਸੌਂਦਰਯ ਅਤੇ ਉਤਸੁਕਤਾ। ਹੋਟਲ ਸਫਾਇਰ ਪੈਰਾਡਾਈਜ਼ ਵਿਚ ੧੧੧-੧੧੨ ਨੰ: ਕਮਰੇ ੨-੨ ਸੌ ਰੁਪਏ ਕਰਾਏ ਤੇ ਲੈ ਥੋੜਾ ਆਰਾਮ ਕੀਤਾ ਸ੍ਰੀ ਸਤਿਗੁਰੂ ਜੀ ਤੇ ਤਾਬਿਆ ਵਿਚ ਆਏ ਵਿਅਕਤੀਆਂ ਨੇ। ਫਿਰ ਚਾਰ ਵਜੇ ਊਟੀ ਦੀ ਵਿਸ਼ੇਸ਼ ਖੂਬਸੂਰਤੀ ਵੇਖਣ ਚੜ੍ਹੇ ਬੁਟੈਨੀਕਲ ਗਾਰਡਨ ਨੂੰ। ਬਾਗ ਦੇ ਮੈਨੇਜਰ ਮੁਰੂਗੰਨ ਅਪਣੇ ਅਧੀਨਸਥਾਂ ਨਾਲ ਸ੍ਰੀ ਸਤਿਗੁਰੂ ਜੀ ਦਾ ਇਕ ਸੁੰਦਰ ਗੁਲਦਸਤਾ ਭੇਂਟ ਕਰਕੇ ਸੁਆਗਤ ਕੀਤਾ। ਸ੍ਰੀ ਮੁਰੂਗੰਨ ਅਪਣੇ ਗਾਰਡਨ ਦੇ ਉਸ ਸਰਪ੍ਰਸਤ ਨੂੰ ਸਤਿਕਾਰ ਦੇ ਰਿਹਾ ਸੀ ਜਿਸਨੇ ਦੇਸ਼ਾਂ ਵਿਦੇਸ਼ਾਂ ਤੋਂ ਬੂਟੇ ਲਿਆਕੇ ਇਸ ਅਮੋਲਕ ਖਜ਼ਾਨੇ ਨੂੰ ਹੋਰ ਵੀ ਸਮਰਿਧ ਕਰਨ ਵਿਚ ਮਨੋਇਛਤ ਸਹਾਇਤਾ ਕੀਤੀ ਸੀ।

ਵੱਖ ਵੱਖ ਢੰਗਾਂ ਨਾਲ ਕਲਾਮਈ ਸਜਾਈਆਂ ਵਿਵਧ ਰੰਗੀਆਂ ਪੁਸ਼ਪ ਕਿਆਰੀਆਂ ਦਾ ਨਜ਼ਾਰਾ ਲੈਣ ਸੈਂਕੜੇ ਜੋੜੇ, ਹਜ਼ਾਰਾਂ ਪਰਵਾਰ ਅਤੇ ਮਿੱਤਰ ਮੇਲੀ ਤੁਰੇ ਹੀ ਰਹਿੰਦੇ ਹਨ। ਸਤਿਗੁਰੂ ਜੀ ਨੇ ਇਸ ਨੈਣ ਸੁਖ ਦ੍ਰਿਸ਼ਾਵਲੀ ਦਾ ਅਵਲੋਕ ਤਾਂ ਕੀਤਾ ਹੀ ਇਹਨਾਂ ਦੇ ਗਰੀਨ੍ਹਰੂਮਾਂ ਵਿਚ ਜਾ ਜਾ ਕੇ ਵੀ ਹਰ ਤਰ੍ਹਾਂ ਦੀ ਆਬੋਹਵਾ ਸਮੇਂ ਅਨੁਕੂਲਤਾ ਵਿਚ ਖਿੜੇ ਗੁਲਦਸਤਾ ਫੁੱਲਾਂ ਦੀ ਨੇੜਿਓਂ ਜਾਣਕਾਰੀ ਲਈ। ਨਾਮਧਾਰੀ ਫਾਰਮ ਦੇ ਪ੍ਰਮੁਖ ਠਾਕਰ ਜੀ ਤੇ ਇਹਨਾਂ ਦੇ ਪੰਖ ਹਰਪਾਲ ਸਿੰਘ-ਅਤਰ ਸਿੰਘ ਨੇ ਵੀ ਗਹਿਰਿਆਂ ਸਮਝਿਆ ਆਬੋਹਵਾ ਤੇ ਠੰਢ-ਤੱਤ ਦੇ ਪ੍ਰਭਾਵਾਂ ਨੂੰ। ਸਾਰੀ ਪੁਸ਼ਪ ਸੁੰਦਰਤਾ ਅਤੇ ਅਨੇਕ ਕਿਸਮਾਂ ਦੇ ਬਿਰਛ ਅਯੋਜਨ ਦੀ ਪ੍ਰਸ਼ੰਸਾ ਕਰਕੇ ਚਲੇ ਤਾਂ ਫੈਸਲਾ ਹੋ ਗਿਆ, ਊਟੀ ਰਾਤ ਨਹੀਂ ਰਹਿਣਾ ਘਰ ਪਰਤ ਜਾਣਾ ਹੈ। ਪਰ ਸ਼ਾਮੀਂ ੪.੩੦ ਵਜੇ ਗੱਡੀਆਂ ਊਟੀ ਤੋਂ ਵੀ ਅੱਗੇ ਚੱਕਰ ਲਾਉਣ ਲਈ ਸਟਾਰਟ ਹੋ ਪਈਆਂ।

ਅਸਲ ਵਿਚ ਕੱਲ ਦਾ ਹੀ ਸੱਚੇ ਪਾਤਸ਼ਾਹ ਜੀ ਦਾ ਮਨ ਅਪਣੇ ਇਕ ਸਿੱਖ ਚੰਦਰ ਸ਼ੇਖਰ ਨੂੰ ਨਿਵਾਜਣ ਲਈ ਇਸ਼ਾਰੇ ਦੇ ਰਿਹਾ ਸੀ। ਉਸਦਾ ਪਤਾ ਕੀਤਾ ਗਿਆ ਕਿ ਉਹ ਕਿਥੇ ਹੈ। ਚੰਦਰ ਸ਼ੇਖਰ ਊਟੀ ਤੋਂ ਦੱਖਣ ਵਿਚ ੧੭ ਕਿਲੋਮੀਟਰ, ਕੂਨੂਰ ਵਿਖੇ ਅਪਣੇ ਘਰ ਸੀ। ਉਹਨੂੰ ਮਾਣ ਦੇਣ ਵਾਸਤੇ ਉਦੈ ਸਿੰਘ ਜੀ ਦੇ ਅੰਬ ਬਾਗ ਦੇ ਸ਼ਾਨਦਾਰ ਅਲਫੰਸੋ ਅੰਬਾਂ ਦੀ ਇਕ ਪੇਟੀ ਨਾਲ ਸੀ।

੫ ਵਜੇ ਅਸੀਂ ਉਸ ਸੁੰਦਰ ਨਿਵਾਸ ਤੇ ਜਾ ਪੁਜੇ ਜੁ ਵੁਡਲੈਂਡ ਇਲਾਕੇ ਵਿਚ ਨਵੇਲੀ ਸ਼ਾਨ ਰਖਦਾ ਹੈ। ੫੦ ਏਕੜ ਚਾਹ ਬਾਗ ਵਿਚ ਖਲੋਤੇ ਇਸ ਸਾਦਾ ਮਹਲ ਵਿਚ


Sri Satguru Jagjit Singh Ji eLibrary NamdhariElibrary@gmail.com

ਗੁਲਾਬਾਂ ਦੀਆਂ ਹੀ ਏਨੀਆਂ ਨਿਖਰਵੀਆਂ ਅਤੇ ਵਾਜਾਂ ਮਾਰਦੀਆਂ ਕਿਸਮਾਂ ਸਨ ਕਿ ਦਿਲ ਨੂੰ ਤਕੜਿਆਂ ਕਰਕੇ ਹੀ ਦੂਜੇ ਪਾਸ ਜਾ ਸਕੀਦਾ ਸੀ। ਹਰੇ ਅਤੇ ਮਖ਼ਮਲੀ ਗੁਲਾਬ ਵੀ ਇਸ ਕੋਠੀ ਦੀ ਸ਼ੋਭਾ ਸਨ। ਜਦ ਤਕ ੬੫ ਸਾਲਾ ਕਾਰੋਬਾਰੀ ਚੰਦਰ ਸ਼ੇਖਰ ਬਾਗ ਵਿਚੋਂ ਨਿਕਲਕੇ ਨਹੀਂ ਆਇਆ। ਸਤਿਗੁਰੂ ਜੀ ਨੇ ਅਪਣੀ ਟੀਮ ਨਾਲ ਅਨੇਕਾਂ ਦੁਰਲਭ ਕਿਸਮਾਂ ਦੀ ਪਛਾਣ ਕਰ ਲਈ।

ਸ੍ਰੀ ਚੰਦਰ ਸ਼ੇਖਰ ਹੱਥ ਜੋੜੀ, ਦੂਰੋਂ ਹੀ ਜੋੜਾ ਉਤਾਰ, ਪਰਮ ਪ੍ਰਸੰਨ ਹੋਇਆ ਅਗੇ ਵਧ ਚਰਨਾਂ ਤੇ ਆਣ ਢੱਠਾ। ਧੰਨ ਭਾਗ, ਅਤੀ ਕ੍ਰਿਪਾ ਅਤੇ ਸਦਕੇ ਜਾਣ ਵਾਲੇ ਸ਼ਬਦ ਕਹਿੰਦਾ ਵਿਸ਼ਾਲ ਕੋਠੀ ਦੀ ਬੈਠਕ ਵਿਚ ਲੈ ਗਿਆ। ਸਤਿਗੁਰੂ ਜੀ ਨੂੰ ਸਤਿਕਾਰ ਨਾਲ ਵਿਛੇ ਸੋਫੇ ਤੇ ਬੈਠਾਅ ਆਪ ਸਾਡੇ ਨਾਲ ਫ਼ਰਸ਼ ਤੇ ਬੈਠ ਕੇ ਸੂਰਜ ਮੁਖ ਸਤਿਗੁਰੂ ਨੂੰ ਚਕਵੀ ਦੀ ਇਕਾਗਰਤਾ ਨਾਲ ਨਿਹਾਰਦਾ ਰਿਹਾ। ਚੰਦ ਚਕੋਰ ਪ੍ਰੀਤ ਹੈ ਲਾਇ ਤਾਰ ਨਿਹਾਲੇ ਸਾਡੇ ਸਨਮੁਖ ਮੂਰਤੀਮਾਨ ਸੀ। ਸਿੱਖ ਨੇ ਜੋ ਮਨ ਵਿਚ ਭਾਵ ਆਏ ਸਤਿਗੁਰੂ ਜੀ ਅਗੇ ਪੇਸ਼ ਕੀਤੇ। ਸਤਿਗੁਰੂ ਜੀ ਦੀ ਜਲਦ ਵਾਪਸੀ ਸੁਣ ਤਰਲਾ ਲਿਆ: ਅੱਜ ਦੀ ਰਾਤ ਨਾ ਜਾਓ। ਇਸ ਨਿਵਾਸ ਨੂੰ ਭਾਗ ਲਾਓ। ਸੋਧ ਦੇ ਲੰਗਰ ਕਰੋ, ਕਰਵਾਵੋ, ਪਰ ਰਾਤ ਦਾ ਕਿਆਮ ਏਥੇ ਕਰੋ। ਪਿਛਲੀਆਂ ਅਨੇਕ ਯਾਦਾਂ ਨੂੰ ਦੁਹਰਾਉਂਦੇ ਹੋਏ ਸ੍ਰੀ ਚੰਦਰ ਸ਼ੇਖਰ ਨੇ ਅਪਣੇ ਦਿਲ ਨੂੰ ਹੱਥ ਲਾ ਆਖਿਆ: ਅਚਾਨਕ ਆਪ ਜੀ ਨੂੰ ਇਸ ਘਰ ਵਿਚ ਵੇਖ ਟਹਿਕ ਉਠਿਆ, 'ਤੁਰ ਜਾਓਗੇ' ਸੁਣ ਕੇ ਜੀ ਨੂੰ ਕੁਝ ਹੋਣ ਲਗ ਪਿਆ ਹੈ। ਉਸਨੇ ਅਪਣੇ ਮਿੱਠੇ ਬੂਟੇ ਦੇ ਪਲੱਮ ਤੋੜਕੇ ਡੱਬੇ ਪੇਸ਼ ਕੀਤੇ, ਏਧਰੋਂ ਅਲਫੰਸੋ ਦੀ ਪੇਟੀ ਦੇ ਪਹਿਲਾਂ ਪਿਆਰਿਆ ਗਿਆ ਸੀ। ਸਿੱਖ ਨੇ ਬੇਨਤੀ ਕੀਤੀ: ਠਾਕਰ ਜੀ ਵਿਦੇਸ਼ ਭੇਜਣ ਵਾਲੇ ਫੁੱਲਾਂ ਦਾ ਤਜਰਬਾ ਮੇਰੇ ਖੇਤ ਵਿਚ ਹੀ ਕਰਨ, ਜੇ ਰਾਸ ਪੈ ਜਾਇ ਤਾਂ ਨੇੜੇ ਕਿਤੇ ਜ਼ਮੀਨ ਖਰੀਦ ਲਈ ਜਾਏ। ਜਿਥੇ ਅਸੀਂ ਖਲੋਤੇ ਹਾਂ ੪ ਤੋਂ ੫ ਲੱਖ ਰੁਪਏ ਪ੍ਰਤੀ ਏਕੜ, ਜੇ ਦੂਰ ਜਾਕੇ ਲਈਏ ਤਾਂ ੫੦ ਹਜ਼ਾਰ 'ਚ ਮਿਲ ਜਾਵੇਗੀ। ਮੇਰੇ ਕੋਲ ਜ਼ਰੂਰ ਆਵੋ ਮੈਂ ਸੇਵਕ ਹਾਂ ਆਪਦਾ। ਜਦੋਂ ਸਤਿਗੁਰੂ ਜੀ ਸ਼ਰਧਾ ਸਤਕਾਰ ਦੀ ਮੂਰਤ ਬਣੇ ਚੰਦਰ ਸ਼ੇਖਰ ਤੋਂ ਰਾਤ ੧੨-੧ ਵਜੇ ਤਕ ਘਰ ਅਪੜ ਜਾਣ ਨੂੰ ਵਿਦਾ ਹੋਏ, ਸਿੱਖ ਨੇ ਫੇਰ ਤਰਲਾ ਲਿਆ: ਗੁਰੂ ਜੀ, ਕਮਲ ਕੀ ਮਾਨਿੰਦ ਹਿਰਦਾ ਖਿਲ ਉਠਾ ਥਾ, ਅਬ ਮੁਰਝਾ ਜਾਏਗਾ। ਫਿਰ ਕਬ ਆਓਗੇ? ਤਬ ਤਕ ਆਪ ਕੀ ਇੰਤਜ਼ਾਰ ਕਰਤਾ ਰਹੂੰਗਾ।

*


REPUTED MANUFACTURER OF :

SUPERIOR QUALITY

SINGLE BARREL &

DOUBLE BARREL

B. L. 12 BORE

**GUNS**

Grams : SNIPER

Phone : 3805

**MODERN GUN WORKS**

Opp. Industrial Estate,

JAMMU CANTT.




Sri Satguru Jagjit Singh Ji eLibrary NamdhariElibrary@gmail.com

# ਸੈਲਾਨੀ ਪਿਆਰਾ ਸਿੰਘ ਦਾਤਾ

—ਜਗਦੀਸ਼ ਸਿੰਘ—

ਪਿਆਰਾ ਸਿੰਘ ਦਾਤਾ ਪਹਿਲੀ ਵਾਰ ਮੈਨੂੰ ਸ੍ਰੀਨਗਰ ਮਿਲੇ ਸਨ। ਜਿਨ੍ਹਾਂ ਦਿਨਾਂ ਵਿਚ ਸ਼ਿਮਲੇ ਵਿਚ ਇੰਦਰਾ-ਭੁਟੋ ਸਿਖਰ ਵਾਰਤਾ ਹੋ ਰਹੀ ਸੀ। ਸ੍ਰੀਨਗਰ ਵਿਚ ਸਾਡਾ ਸੰਮੇਲਨ ਚਲ ਰਿਹਾ ਸੀ। ਮੈਂ ਭਾਵੇਂ ਅਗੇ ਵੀ ਇਕ ਵਾਰ ਕਸ਼ਮੀਰ ਆਇਆ ਸਾਂ ਪਰ ਇਕੱਲਾ ਪਹਿਲੀ ਵਾਰ ਹੀ। ਜੰਮੂ ਵਿਚ ਫੈਕਟਰੀ ਵਾਸਤੇ ਟੀ. ਐਲ. (ਟਰਾਂਸਪੋਰਟ ਲਾਈਸੈਂਸ) ਲੈਣ। ਬਸ ਤੋਂ ਉਤਰਦਿਆਂ ਹੀ ਮੇਰਾ ਸਮਾਨ ਇਕ ਨੌਜਵਾਨ ਕਸ਼ਮੀਰੀ ਨੇ ਫੜ ਲਿਆ ਅਤੇ ਆਪਣੇ 'ਹੋਟਲ' ਵਲ ਲੈ ਤੁਰਿਆ। ਜਦੋਂ ਉਹ ਗਲੀਆਂ ਵਿਚੋਂ ਦੀ ਹੁੰਦਾ ਜੇਹਲਮ ਦਰਿਆ ਵਲ ਨੂੰ ਚਲਦਾ ਰਿਆ ਤਾਂ ਮੇਰਾ ਮੱਥਾ ਠਣਕਿਆ। ਅਨਛੁਪਿਆ ਭਉ ਆਣ ਖੜੋਤਾ। ਆਪ ਕਾ ਨਾਮ ਕਿਆ ਹੈ? ਹੋਟਲ ਕਾ ਨਾਮ ? ਅਤੇ ਮੈਨੂੰ ਹੋਲੀ ਹੋਲੀ ਪੁਛਦਿਆਂ ਪਤਾ ਲਗ ਗਿਆ ਕਿ ਇਹ ਮਹਿਮੂਦ ਸ਼ਿਕਾਰੇ ਵਾਲਾ ਹੈ। ਤੌਬਾ! ਮੈਂ ਸ਼ਿਕਾਰੇ ਵਿਚ ਨਹੀਂ ਠਹਿਰਨਾ। ਕਲ ਨੂੰ ਕੀ ਪਤਾ ਮੇਰਾ ਪਤਾ ਹੀ ਨਾ ਲਗੇ। (ਅਜ ਮੈਂ ਉਸ ਸੋਚ ਤੇ ਹਸਦਾ ਹਾਂ। ਮੈਂ ਇਹ ਗਲ ਤਾਂ ਇਵੇਂ ਸੋਚ ਲਈ ਜਿਵੇਂ ਲਖ ਰੁਪਿਆ ਲੈ ਕੇ ਗਿਆ ਸਾਂ।) ਅਸੀਂ ਦਰਿਆ ਕੰਢੇ ਪਹੁੰਚ ਕੇ ਸ਼ਿਕਾਰੇ ਦੇ ਪਹੁੰਚ ਦੁਆਰ ਤੇ ਖਲੋ ਗਏ। ਮੈਂ ਕਿਹਾ ਮੇਰਾ ਪਕਾ ਫੈਸਲਾ ਹੈ ਮੈਂ ਇਥੇ ਨਹੀਂ ਠਹਿਰਨਾ। ਤੂੰ ਤਾਂ ਕਿਹਾ ਸੀ ਹੋਟਲ ਹੈ ਇਹ ਤਾਂ ਸ਼ਿਕਾਰਾ ਨਿਕਲਿਆ। ਮਹੰਮਦੂ ਮੇਰਾ ਬੈਗ ਨਾ ਹੀ ਛਡਿਆ। ਬੋਲਿਆ, "ਅਲਾਹ ਕਸਮ ਬੇਸ਼ਕ ਵਾਪਸ ਚਲੇ ਜਾਣਾ ਪਰ ਮੇਰੀ ਇਕ ਗੁਜ਼ਾਰਸ਼ ਹੈ ਕਿ ਇਕ ਵਾਰ ਮੇਰੇ ਸ਼ਿਕਾਰੇ ਵਿਚ ਤਸ਼ਰੀਫ ਜ਼ਰੂਰ ਲਿਆਓ"ਬਸ ਏਥ ਹੀ ਮੈਂ ਮਾਤ ਖਾ ਗਿਆ। ਇਹ ਪੱਕਾ ਨਿਸ਼ਚਾ ਕਰਕੇ ਕਿ ਅੰਦਰੋਂ ਜਾਂਦਿਆਂ ਹੀ ਵਾਪਸ ਆ ਜਾਵਾਂਗਾ ਮੈਂ ਅੰਦਰ ਗਿਆ ਪਰ ਬਾਹਰ ਨਾ ਆ ਸਕਿਆ। ਸ਼ਿਕਾਰੇ ਦੀ ਸਜਾਵਟ ਨੇ ਹੀ ਮੋਹ ਲਿਆ।

ਸ਼ਾਮ ਨੂੰ ਸਾਢੇ ਤਿੰਨ ਵਿਅਕਤੀ ਉਸ ਸ਼ਿਕਾਰੇ 'ਚ ਹੋਰ ਦਾਖਲ ਹੋਏ। ਇਕ ਚਿਟੀ ਪੱਗ ਵਾਲੇ ਐਚਕਨ ਤੇ ਖੂਬਸੂਰਤ ਚੂੜੀਦਾਰ ਵਾਲੇ ਨਾਲ ਉਹਨਾਂ ਦੀ ਧਰਮ ਪਤਨੀ ਅਤੇ ਲੜਕੀ। ਇਕ ਸਜਨ ਕੋਟ ਪੈਂਟ ਤੇ ਤਾਰ ਦੀ ਐਨਕ ਵਾਲੇ ਸਰਦਾਰ ਜੀ।

ਏਸ ਯਾਤਰੀ ਪਾਰਟੀ ਨਾਲ ਬਿਨਾ ਜਾਣ ਪਛਾਣ ਦੇ ਹੀ ਇਵੇਂ ਅਪਨਤ ਜਿਹੀ ਜਾਗ ਪਈ ਜਿਵੇਂ ਕਦੋਂ ਦੇ ਦੋਸਤ ਹੁੰਦੇ ਹਾਂ। ਰਾਤ ਨੂੰ ਮੈਂ ਐਚਕਨ ਵਾਲਿਆਂ ਦਾ ਥਹੁ ਪਤਾ ਲੈਣ ਲਈ ਹੋਲੀ ਹੋਲੀ ਪੁਛਿਆ।

ਤੁਸੀਂ ਕਿਥੋਂ ਆਏ ਹੋ ?

ਦਿਲੀਓਂ

ਦਿਲੀਓਂ ਕਿਥੋਂ ?

ਚਾਂਦਨੀ ਚੌਕ

ਮੇਰੇ ਵਾਸਤੇ ਸਭ ਤੋਂ ਝਿਜਕ ਵਾਲੀ ਗਲ ਇਹ ਹੁੰਦੀ ਹੈ ਕਿ ਇਹ ਪੁਛਾਂ ਕਿ ਤੁਹਾਡਾ ਕਿੱਤਾ ਕੀ ਹੈ। ਸੋ ਮੇਰੇ ਤੋਂ ਸਿਧਾ ਸਵਾਲ ਨਾ ਹੋਇਆ ਤਾਂ ਏਹ ਹੀ ਕਿਹਾ।

ਚਾਂਦਨੀ ਚੌਕ ?

ਉਥੇ ਸਾਡੀ ਪ੍ਰੈਸ ਹੈ।

ਕੀ ਨਾਮ ਹੈ ??

ਨਵਯੁਗ ਪ੍ਰੈਸ।

ਉਹੋ ਤਾਂ ਤੁਸੀਂ ਸ: ਪ੍ਰੀਤਮ ਸਿੰਘ ਹੋ—। ਥਾਈਲੈਂਡ ਤੋਂ ਕਦੋਂ ਆਏ ਹੋ......!

ਭਾਪਾ ਪ੍ਰੀਤਮ ਸਿੰਘ ਜੀ ਦੀਆਂ ਤਸਵੀਰਾਂ ਅਤੇ ਥਾਈਲੈਂਡ ਬਾਰੇ ਅਮਰ ਭਾਰਤੀ ਦੀ ਯਾਤਰਾ ਰਿਪੋਰਟ ਮੈਂ ਨਾਮਧਾਰੀ ਪਰਚੇ ਸ਼ਤਾਬਦੀ ਨੀਊਜ਼ ਅਤੇ ਆਰਸੀ ਵਿਚ ਪੜ੍ਹੀ ਸੀ ਸੋ ਸਾਰਾ ਪਰਸੰਗ ਜੁੜ ਗਿਆ ਸੀ।

ਦੂਸਰੇ ਵਿਅਕਤੀ ਨੂੰ ਕਿਤੇ ਅਗਲੀ ਸਵੇਰ ਪੁਛਿਆ ਕਿ ਤੁਹਾਡਾ ਨਾਮ ਕੀ ਹੈ ?

ਪਿਆਰਾ ਸਿੰਘ ਦਾਤਾ

ਅਛਾ ! ਪਿਆਰਾ ਸਿੰਘ ਦਾਤਾ ਸਾਹਿਤਕਾਰ ?

ਹਾਂ ਜੀ,

ਮੈਨੂੰ ਬਹੁਤ ਭਰਮ ਲਗਾ ਕਿ ਮੈਂ ਇਹਨਾਂ ਬਾਰੇ ਪਹਿਲੋਂ ਜਾਣਕਾਰੀ ਕਿਉਂ ਨਾ ਲਈ। ਪਰ ਮੇਰਾ ਵੀ ਕੀ ਕਸੂਰ ਸੀ ਦਾਤਾ ਜੀ ਲੇਖਕ ਲਗ ਹੀ ਨਹੀਂ ਸਨ ਰਹੇ ਆਮ ਬੰਦੇ ਜਿਹੇ ਹੀ ਸਨ।

ਪਰ ਉਦੋਂ ਤੋਂ ਹੀ ਸਾਡੀ ਆੜੀ ਪੱਕੀ ਹੋ ਗਈ।

ਉਸ ਤੋਂ ਅਗੋਂ ਦਾਤਾ ਜੀ ਦਾ ਸੈਲਾਨੀ ਰੂਪ ਉਜਾਗਰ ਹੋਣਾ ਸ਼ੁਰੂ ਹੋ ਗਿਆ। ਉਹਨਾਂ ਆਪਣੀ ਬੜੀ ਹੀ ਪ੍ਰੇਰਨਾਮਈ ਮਿਠੀ ਗਲਬਾਤ ਰਾਹੀਂ ਮੈਨੂੰ ਗੁਲਮਰਗ ਜਾਣ ਵਾਸਤੇ ਪ੍ਰੇਰ ਲਿਆ। ਕਹਿਣ ਲਗੇ ਭਾਪਾ ਜੀ ਤਾਂ ਪਰਿਵਾਰ ਸਹਿਤ ਹਵਾਈ ਜਹਾਜ਼ ਰਾਹੀਂ ਦਿਲੀ ਜਾ ਰਹੇ ਹਨ ਮੈਂ ਵਿਹਲਾ ਹਾਂ। ਤੁਸੀਂ ਸਾਥ ਦਿਓ ਤਾਂ ਗੁਲਮਰਗ ਹੋ ਆਈਏ।

ਇਕ ਕੁਸ਼ਲ ਪਰਬੰਧਕ ਵਾਂਗ ਉਹਨਾਂ ਬਹੁਤ ਸਰਲਤਾ ਨਾਲ ਮੇਰੇ ਖਾਨੇ ਪਾ ਦਿਤਾ ਕਿ ਬਹੁਤਾ ਖਰਚਾ ਨਹੀਂ ਹੋਵੇਗਾ। ਸਾਡਾ ਸਾਰਾ ਖਰਚ ਅਧੋ ਅੱਧ ਹੋਵੇਗਾ। ਅਸੀਂ ਕੋਈ ਵੀ ਖਰਚਾ ਕਰਨ ਲਗੇ ਇਹ ਨਹੀਂ ਕਹਾਂਗੇ ਕਿ ਮੈਂ ਦੇਨਾਂ ਮੈਂ


Sri Satguru Jagjit Singh Ji eLibrary NamdhariElibrary@gmail.com

ਦੇਣਾ। ਜਿਹੜਾ ਮਰਜ਼ੀ ਖਰਚ ਕਰੀ ਜਾਵੇ। ਸ਼ਾਮ ਨੂੰ ਬਹਿ ਕੇ ਅਸੀਂ ਹਿਸਾਬ ਕਰਕੇ ਪੂਰਾ ਅਧੋ-ਅੱਧ ਕਰ ਲਵਾਂਗੇ। ਸ਼ਰਾਬ ਮੈਂ ਨਹੀਂ ਪੀਂਦਾ ਤੁਸੀਂ ਵੀ ਨਹੀਂ ਪੀਂਦੇ। ਮੈਂ ਵੀ ਵੈਜੀ-ਟੇਰੀਅਨ ਤੁਸੀਂ ਵੀ। ਉਹਨਾਂ ਆਪਣੇ ਲੰਬੇ ਤਜਰਬੇ ਦਾ ਤੱਤ ਦਸਦਿਆਂ ਕਿਹਾ ਇਸ ਤਰ੍ਹਾਂ ਬਹੁਤ ਲੰਮਾ ਸਮਾਂ ਇਕਠੇ ਰਿਹਾ ਜਾ ਸਕਦਾ ਹੈ ਅਤੇ ਕੋਈ ਵੀ ਫਿਕ ਨਹੀਂ ਪੈ ਸਕਦੀ।

ਦਾਤਾ ਜੀ ਦਾ ਇਹ ਅਮਲੀ ਵਿਹਾਰ ਯਾਤਰਾ ਵਿਚ ਹੀ ਨਹੀਂ ਸਗੋਂ ਸਮੁਚੇ ਜੀਵਨ ਵਿਚ ਵੀ ਫਿਕ ਨਹੀਂ ਪੈਣ ਦਿੰਦਾ।

ਆਪਣੀ ਲੰਮੀ ਜ਼ਿੰਦਗੀ ਵਿਚ ਦਾਤਾ ਜੀ ਨੇ ਜੋ ਦੋਸਤਾਂ ਦਾ ਅੰਤਰਾਸ਼ਟਰੀ ਵਿਸ਼ਾਲ ਘੇਰਾ ਬਣਾਇਆ ਹੈ ਉਸ ਵਿਚ ਉਹਨਾਂ ਦੀ ਇਹ ਅਸੂਲ ਪ੍ਰਸਤੀ ਅਤੇ ਵਿਹਾਰ ਦੀ ਸ਼ੁਧਤਾ ਦਾ ਬਹੁਤ ਵੱਡਾ ਹਿਸਾ ਹੈ।

ਤੀਜੇ ਦਿਨ ਅਸੀਂ ਦੋਵੇਂ ਗੁਲਮਰਗ ਵਾਸਤੇ ਬਸ ਫੜ ਲਈ। ਦਾਤਾ ਜੀ ਦੀ ਯਾਤਰਾ ਜੀਵਨ ਦਾ ਵਿਸ਼ਾਲ ਤਜਰਬਾ ਉਹਨਾਂ ਦੇ ਮੂੰਹੋਂ ਇਕ ਸਫਲ ਟਿਪਣੀਕਾਰ ਵਾਂਗ ਸੁਣਦਿਆਂ ਅਸੀਂ ਜਾ ਰਹੇ ਸਾਂ। ਯਾਤਰਾ ਬਾਰੇ ਨਿਕੀਆਂ ਨਿਕੀਆਂ ਗਲਾਂ ਉਹਨਾਂ ਨੂੰ ਪਤਾ ਸਨ। ਉਹ ਰਾਵਲ ਪਿੰਡੀ ਤੋਂ ਸਾਈਕਲ ਤੇ ਸ੍ਰੀ ਨਗਰ ਹੋ ਗਏ ਸਨ।

ਟੰਗ ਮਰਗ ਤੋਂ ਗੁਲ ਮਰਗ ਦੀ ਸਿਧੀ ਤਿੰਨ ਮੀਲ ਦੀ ਚੜਾਈ ਹੈ। ਦਾਤਾ ਜੀ ਨੇ ਦਸਿਆ ਕਿ ਉਪਰ ਖੱਚਰਾਂ ਤੇ ਵੀ ਜਾਇਆ ਜਾ ਸਕਦਾ ਹੈ ਪਰ ਇਹ ਤਿੰਨ ਮੀਲ ਦਾ ਸਫਰ ਪੈਦਲ ਕਰਨ ਦਾਂ ਹੋਰ ਹੀ ਨਜ਼ਾਰਾ ਹੈ। ਉਹਨਾਂ ਫੇਰ ਪ੍ਰੇਰ ਲਿਆ ਪੈਦਲ ਜਾਣ ਵਾਸਤੇ।

ਸਾਡੇ ਪੈਦਲ ਯਾਤਰੀਆਂ ਦੇ ਗਰੁਪ ਵਿਚ ਪਿਆਰਾ ਸਿੰਘ ਦਾਤਾ ਦਿਲਚਸਪ ਵਾਰਤਾਲਾਪ ਸੁਣਾਉਂਦੇ ਜਲਦੀ ਹੀ ਹਰਮਨ ਪਿਆਰੇ ਨੇਤਾ ਬਣ ਗਏ। ਪੰਜਾਬੀ ਮੁੰਡਿਆਂ ਚੋਂ ਕਈ ਉਹਨਾਂ ਦੇ ਫੈਨ ਨਿਕਲੇ।

ਰਸਤੇ ਵਿਚ ਇਕ ਬੁੱਢਾ ਜਿਹਾ ਬੰਗਾਲੀ ਥੱਕ ਕੇ ਨਿਢਾਲ ਪਿਆ ਸੀ। ਕਹਿਣ ਲਗਾ ਆਈ ਐਮ 'ਔਲਡ ਮੈਨ ਆਫ ਫਿਫਟੀ ਫਾਈਵ ਈਅਰ (ਮੈਂ ਪਚਵਿੰਜਾ ਸਾਲ ਦਾ ਬੁਢਾ ਹਾਂ) ਦਾਤਾ ਜੀ ਨੇ ਉਤਰ ਦਿਤਾ ਆਈ ਐਮ ਯੰਗ ਮੈਨ ਆਫ ਸਿਕਸਟੀ ਫਾਈਵ ਈਅਰ) ਮੈਂ ਪੈਹਠਾਂ ਸਾਲਾਂ ਦਾ ਨੌਜਵਾਨ ਹਾਂ। ਉਹ ਬੰਗਾਲੀ ਸੁਣ ਕੇ ਛਿੱਥਾ ਜਿਹਾ ਪੈ ਗਿਆ।

ਪਹਾੜੀ ਦੀ ਚੜ੍ਹਾਈ ਖਤਮ ਹੋਈ ਤਾਂ ਅਸੀਂ ਗੁਲ-ਮਰਗ ਪੁਜ ਗਏ ਸਾਂ। ਬਹੁਤ ਸੋਹਣਾ ਮੌਸਮ ਸੀ ਅਤੇ ਗੁਲ-ਮਰਗ ਦੇ ਗੌਲਫ ਮੈਦਾਨ ਦਾ ਲਸ਼ ਲਸ਼ ਕਰਦਾ ਹਰਾ ਕਚੂਚ ਘਾਹ ਉਚੇ ਲੰਮੇ ਦਰਖਤ ਅਤੇ ਆਲੇ ਦੁਆਲੇ ਦਿਸਦੇ ਪਹਾੜ ਇਕ ਖੂਬਸੂਰਤ ਰੰਗੀਨ ਤਸਵੀਰ ਵਰਗੀ ਤਾਜ਼ਗੀ ਬਖਸ਼ ਰਹੇ ਸਨ। ਕਸ਼ਮੀਰ ਦੀਆਂ ਇਹਨਾਂ ਠੰਡੀਆਂ ਥਾਵਾਂ ਤੇ ਜਾ ਕੇ ਲੋਕ ਖਾਣ ਪੀਣ ਦੇ ਚਾਅ ਵੀ ਲਾਹੁੰਦੇ ਹਨ। ਪੀਣ ਤੋਂ ਮਤਲਬ ਤਾਂ ਸਿਰਫ ਸ਼ਰਾਬ ਪੀਣ ਤੋਂ ਹੈ। ਅਤੇ ਫੇਰ ਇਹ ਸਰਦੀ ਬਰਫ਼ ਦਾ ਸੁਆਦ ਮਾਣਦੇ ਹਨ। ਪਰ ਅਸੀਂ ਤਾਂ ਦੋਵੇਂ ਹੀ ਸੂਫੀ ਸਾਂ। ਸੋ ਅਸਾਂ ਸੂਫੀਆਨਾ ਅੰਦਾਜ਼ ਵਿਚ ਸੁਕੇ ਮੇਵੇ, ਅਖਰੋਟ, ਖੁਰਮਾਨੀ, ਕਿਸ਼ਮਿਸ਼ ਅਤੇ ਲੌਂਗਾਂ ਦਾ ਭੰਡਾਰ ਕੋਲ ਰਖਿਆ ਸੀ। ਗੁਲਮਰਗ ਪਹੁੰਚ ਕੇ ਸਵਾਰੀਆਂ ਆਪਣੇ ਆਪਣੇ ਪ੍ਰੋਗਰਾਮ ਅਨੁਸਾਰ ਖਾਣ ਪੀਣ ਤੇ ਮੌਜਾਂ ਮਾਨਣ ਦੇ ਆਹਰ ਵਿਚ ਲਗ ਗਈਆਂ। ਇਥੇ ਸ੍ਰੀਨਗਰ ਤੋਂ ਬਸਾਂ ਵਾਲਿਆਂ ਦਾ ਇਹ ਦਸਤੂਰ ਹੈ ਕਿ ਜਿਹੜੀ ਬਸ ਤੇ ਸਵਾਰੀਆਂ ਆਉਂਦੀਆਂ ਹਨ ਉਹਨਾ ਉਪਰ ਹੀ ਦੋ ਚਾਰ ਘੰਟੇ ਬਾਅਦ ਵਾਪਸ ਜਾਇਆ ਜਾਂਦਾ ਹੈ। ਘਟੋ ਘਟ ਸਾਡੇ ਵੇਲੇ ਵੀ ਇਵੇਂ ਹੀ ਹੋਇਆ। ਭਾਵੇਂ ਕੋਈ ਵੇਖੇ ਭਾਵੇਂ ਨਾ ਵਕਤ ਸਿਰ ਬਸ ਕੋਲ ਹਾਜ਼ਰ ਹੋਣਾ ਚਾਹੀਦਾ ਹੈ ਨਾ ਆਵੇ ਤਾਂ ਉਹਦੀ ਮਰਜ਼ੀ। ਸੋ ਬਸ ਦੀਆਂ ਸਵਾਰੀਆਂ ਖਿੰਡ ਪੁੰਡ ਗਈਆਂ।

ਗੁਲਮਰਗ ਦਾ ਤਾਪਮਾਨ ਯਕਦਮ ਥੱਲੇ ਹੋ ਗਿਆ ਸੀ। ਬਦਲਵਾਈ ਵੀ ਹੋ ਗਈ। ਵਿਚ ਵਿਚ ਧੁੱਪ ਨਿਕਲ ਆਵੇ ਤਾਂ ਬਹੁਤ ਹੀ ਸੁਖਾਵੀਂ ਲਗੇ। ਦਾਤਾ ਜੀ ਮੈਨੂੰ ਪਹਿਲਾਂ ਇਥੋਂ ਦੇ ਗੁਰਦੁਆਰੇ ਵਿਚ ਲੈ ਗਏ। ਭਾਈ ਸਾਹਿਬ ਨੇ ਬੜੇ ਪ੍ਰੇਮ ਨਾਲ ਗਲਬਾਤ ਕੀਤੀ, ਸੇਵਾ ਪੁਛੀ ਠਹਿਰਨ ਵਾਸਤੇ ਆਗ੍ਰਿਹ ਕੀਤਾ। ਅਤੇ ਗਰਮ ਊਨੀ ਕੰਬਲ ਪੇਸ਼ ਕੀਤੇ। ਮੇਰਾ ਜੀਅ ਤਾਂ ਇਹੋ ਜਿਹੀ ਆਰਾਮ ਯੋਗ ਥਾਂ ਤੇ ਟਿਕਣ ਨੂੰ ਕਰੇ ਪਰ ਵਕਤ ਵੀ ਮਜਬੂਰੀ ਨਾਲੋਂ ਦਾਤਾ ਜੀ ਦਾ ਸੈਲਾਨੀ ਸੁਭਾਅ ਬੈਠੇ ਰਹਿਣ ਦੇ ਹੱਕ ਵਿਕ ਕਿਥੇ ਹੋਵੇ? ਅਸੀਂ ਗੁਲ ਮਰਗ ਤਿੰਨ ਘੰਟੇ ਰੁਕ ਸਕਦੇ ਸਾਂ ਪਰ ਦਾਤਾ ਜੀ ਨੇ ਬਚਿਆਂ ਵਰਗੀ ਉਕਸਾਹਟ ਦਿਤੀ ਕਿ ਇਥੋਂ ਅਗੇ ਕੁਝ ਮੀਲਾਂ ਤੇ ਖਿਲਨ ਮਰਗ ਨਾਂ ਦਾ ਥਾਂ ਹੈ ਜਿਥੇ ਬਰਫ ਪੈਂਦੀ ਹੈ ਚਲੋ ਚਲਕੇ ਵੇਖ ਕੇ ਆਂਦੇ ਹਾਂ। ਦਾਤਾ ਜੀ ਦੇ ਕਥਨ ਵਿਚ ਕਹਾਣੀ ਰਸ ਏਨਾ ਹੈ ਕਿ ਬੰਦਾ ਦਾਦੀ ਮਾਂ ਕੋਲੋਂ ਕਹਾਣੀ ਸੁਨਣ ਵਰਗੇ ਚਸਕੇ ਨਾਲ ਹੀ ਤੁਰਿਆ ਰਹਿੰਦਾ ਹੈ। ਅਸੀਂ ਦੋ ਟੱਟੂ ਕਿਰਾਏ ਤੇ ਕਰਕੇ ਖਿਲਣ ਮਰਗ ਵਲ ਕੂਚ ਕਰ ਦਿਤਾ। ਦਾਤਾ ਜੀ ਦੀ ਕਹਾਣੀ ਵੀ ਜਾਰੀ ਸੀ "ਕਸ਼ਮੀਰ ਤੇ ਕਬਾਇਲੀ ਹਮਲੇ ਵੇਲੇ ਹਮਲਾਆਵਰ ਖਿਲਣ ਮਰਗ ਤਕ ਆ ਗਏ ਸੀ।" ਅਛਾ! ਫੇਰ ਕੀ ਹੋਇਆ? ਫੇਰ ਇਹਦੇ ਜਵਾਬ ਵਿਚ ਏਡੇ ਜ਼ੋਰ ਦਾ ਮੀਂਹ ਦਾ ਛਰਾਟਾ ਆਇਆ ਕਿ ਵਿਚ ਮੈਦਾਨ ਤੇ ਸਾਨੂੰ ਧੁਰ ਤਕ ਗਿਲਾ ਕਰ ਗਿਆ। ਕਿਸੇ


Sri Satguru Jagjit Singh Ji eLibrary NamdhariElibrary@gmail.com

ਤਰ੍ਹਾਂ ਅਸਾਂ ਇਕ ਝੁੱਗੀ ਵਿਚ ਪਨਾਹ ਲਈ। ਕਸ਼ਮੀਰੀ ਮਜ਼ਦੂਰਾਂ 'ਹਾਤੋਆਂ' ਨਾਲ ਇਹ ਝੁੱਗੀ ਭਰੀ ਪਈ ਸੀ। ਸਾਨੂੰ ਵੇਖ ਕੇ ਵਿਚਾਰੇ ਹੈਰਾਨ ਜਿਹੇ ਹੋ ਗਏ। ਦਾਤਾ ਜੀ ਉਹਨਾਂ ਨਾਲ ਗਲੀਂ ਲਗ ਪਏ। ਅਸੀਂ ਉਹਨਾਂ ਨੂੰ ਅਖਰੋਟ ਦਿਤੇ ਜਿਹੜੇ ਉਹਨਾਂ ਬੜੇ ਚਾਅ ਨਾਲ ਸਵੀਕਾਰੇ। "ਕਹਾਂ ਸੇ ਆਏ" ਦੇ ਉਤਰ ਵਿਕ ਦਸਿਆ ਕਿ ਅਸੀਂ ਦਿਲੀ ਤੇ ਜੰਮੂ ਦੇ ਯਾਤਰੀ ਹਾਂ। ਉਹਨਾਂ ਨੂੰ ਪੁਛਿਆ ਗਿਆ ਕਿ ਕੀ ਤੁਸੀਂ ਦਿਲੀ ਵੇਖੀ ਹੈ ਉਹ ਕਹਿਣ ਲਗੇ ਅਸੀਂ ਤਾਂ ਸ੍ਰੀਨਗਰ ਵੀ ਨਹੀਂ ਵੇਖਿਆ। ਅਸੀਂ ਸਮਝਿਆ ਅਖਰੋਟ ਇਥੇ ਰੁਲਦੇ ਪਏ ਹਨ ਇਹ ਤਾਂ ਸ਼ਾਇਦ ਅਖਰੋਟ ਬਾਦਾਮ ਖਾ ਕੇ ਰੱਜੇ ਹੋਏ ਹੋਣਗੇ ਪਰ ਉਹ ਤਾਂ ਅਖਰੋਟਾਂ ਨੂੰ ਇਵੇਂ ਪੈਣ ਜਿਵੇਂ ਕੁਕੜੀ ਖੰਘਾਰ ਨੂੰ ਪੈਂਦੀ ਹੈ। ਕਸ਼ਮੀਰ ਜਿਸ ਨੂੰ ਵੇਖਣ ਵਾਸਤੇ ਸਾਰੀ ਦੁਨੀਆ ਤੋਂ ਯਾਤਰੀ ਆਉਂਦੇ ਹਨ ਜਿਥੋਂ ਦੀ ਸਿਆਸਤ ਬਾਰੇ ਯੂ.ਐਨ.ਓ. ਵਿਚ ਫਾਈਲਾਂ ਦੇ ਢੇਰ ਲਗੇ ਹੋਏ ਹਨ। ਉਸ ਦੇ ਮੂਲ ਵਾਸੀ ਸਾਰੀ ਸਭਿਤਾ ਦੀ ਚਕਾ ਚੌਂਦ ਤੋਂ ਕਿੰਨੇ ਦੂਰ ਸਨ।

ਬਾਰਸ਼ ਇਕ ਵਾਰ ਥੰਮ ਗਈ ਤਾਂ ਅਸੀਂ ਫੇਰ ਚਾਲੇ ਪਾ ਦਿਤੇ ਪਰ ਐਨ ਜੰਗਲ ਵਿਚ ਜਾ ਕੇ ਮੁੜ ਹਮਲਾ ਹੋ ਗਿਆ। ਟੱਟੂ ਵਾਲੇ ਨੇ ਗਦੀਆਂ ਥਲਿਓਂ ਕਪੜੇ ਕੱਢ ਕੇ ਸਾਡੇ ਉਤੇ ਦੇ ਦਿਤੇ। ਪਤਾ ਨਹੀਂ ਕਿਥੋਂ ਪਾਣੀ ਏਨਾ ਆ ਗਿਆ। ਲਗੇ ਜਿਵੇਂ ਬਸ ਅਸੀਂ ਇਥੇ ਕਿਤੇ ਰੁੜ ਕੇ ਅਲੋਪ ਹੋ ਜਾਵਾਂਗੇ। ਇਸ ਹਟਦੇ ਵਰਦੇ ਬਦਲਾਂ ਵਿਚੋਂ ਲੰਘਦਿਆਂ ਆਲੇ ਦੁਆਲੇ ਦੇ ਨਜ਼ਾਰੇ ਸਭ ਮਨਫੀ ਹੋ ਚੁਕੇ ਸਨ। ਅੰਤ ਅਸੀਂ ਟੰਗ ਮਰਗ ਪੁਜ ਗਏ ਬਰਫ ਦਾ ਖੇਤ ਜਿਹਾ ਸੀ ਪਹਾੜਾਂ ਦੇ ਪੈਰਾਂ ਵਿਚ। ਉਥੇ ਬਰਫ ਵਿਚ ਤਿਲਕਣ ਵਾਲੀਆਂ ਰੇਹੜੀਆਂ ਕਿਰਾਏ ਤੇ ਮਿਲਦੀਆਂ ਸਨ। ਉਹਨਾਂ ਉਤੇ ਦੋ ਕੁ ਹੂਟੇ ਲਏ। ਵਕਤ ਤਾਂ ਸਾਰਾ ਬਾਰਸ਼ ਨੇ ਖਾ ਲਿਆ ਸੀ। ਵਾਪਸੀ ਬਸ ਵੀ ਫੜਨੀ ਸੀ। ਅਸੀਂ ਵਾਪਸ ਚਾਲੇ ਪਾ ਦਿਤੇ ਅਤੇ ਮੁੜ ਉਸੇ ਹਾਲਤ ਵਿਚ ਠਰੂੰ ਠਰੂੰ ਕਰਦੇ ਸੁੰਨ ਹੋਏ ਗੁਲਮਰਗ ਪੁਜ ਗਏ। ਹੁਣ ਥਲੇ ਬਸਾਂ ਕੋਲ ਟੰਗ ਮਰਗ ਜਾਣ ਵਾਸਤੇ ਘੋੜੇ ਨਹੀਂ ਸਨ ਮਿਲ ਰਹੇ ਅਸੀਂ ਪੈਦਲ ਹੀ ਤੁਰ ਪਏ। ਸੜਕ ਛਡ ਕੇ ਵਿਚਲੇ ਰਾਹ ਜਦੋਂ ਪੈਣ ਲਗੇ ਤਾਂ ਇਕ ਚੰਗੀ ਭਲੀ ਸੁਕ ੀ ਦਿਸਦੀ ਥਾਂ ਤੋਂ ਦਾਤਾ ਜੀ ਦੇ ਪੈਰ ਅਜਿਹੇ ਤਿਲਕੇ ਕਿ ਉਹ ਪਰਾਂ ਦੇ ਪਰ੍ਹਾਂ ਹੀ ਖਿਸਕਦੇ ਜਾਣ। ਜੇ ਉਹਨਾਂ ਨੂੰ ਉਸ ਦਿਨ ਇਕ ਮਾਮੂਲੀ ਝਾੜੀ ਦਾ ਆਸਰਾ ਨਾ ਮਿਲਦਾ ਤਾਂ ਅਜ ਉਹਨਾਂ ਨੂੰ ਵਿਛੜਿਆਂ ਕਈ ਸਾਲ ਹੋ ਗਏ ਹੋਣੇ ਸਨ। ਪਰ ਦਾਤਾ ਜੀ ਦਾ ਉਤਸ਼ਾਹ ਅਤੇ ਹਿੰਮਤ ਓਵੇਂ ਦੀ ਓਵੇਂ ਸੀ। ਉਹ ਵਾਪਸ ਆ ਗਏ ਅਤੇ ਅਸੀਂ ਪੱਕੀ ਸੜਕੇ ਮੁੜ ਤੁਰਨ ਜੋਗ ਹੋ ਗਏ। ਸਾਡੀ ਕਿਸਮਤ ਦੀ ਮਜ਼ਬੂਤੀ ਵੇਖੋ ਕਿ ਇਕ ਤਾਂ ਦਾਤਾ ਜੀ ਪਾਰਲੇ ਪਾਸਿਓਂ ਹੋ ਮੁੜੇ ਅਤੇ ਦੂਸਰਾ ਸਾਨੂੰ ਇਕ ਟਰੱਕ ਮਿਲ ਗਿਆ ਜਿਸ ਨੇ ਬਹੁਤ ਹੀ ਥੋਹੜੇ ਸਮੇਂ ਵਿਚ ਥਲੇ ਬਸ ਦੇ ਕੋਲ ਪਹੁੰਚਾ ਦਿਤਾ।

ਗੁਲ ਮਰਗ ਦੀ ਯਾਤਰਾ ਮੇਰੇ ਪ੍ਰੋਗਰਾਮ ਵਿਚ ਨਹੀਂ ਸੀ ਅਤੇ ਨਾ ਹੀ ਮੈਂ ਕਿਸੇ ਨਾਲ ਜ਼ਿਕਰ ਕੀਤਾ। ਫਰੀ ਇੰਡੀਆ ਗਨ ਫੈਕਟਰੀ ਦੇ ਮਾਲਕ ਸੰਤ ਸਾਧਾ ਸਿੰਘ ਨੇ ਇਕ ਕਾਗਜ਼ ਪੜਦਿਆਂ ਮੈਨੂੰ ਐਨਕਾਂ ਉਤੋਂ ਦੀ ਝਾਕਦਿਆਂ ਪੁਛਿਆ 'ਤੁਸੀਂ ਗੁਲਮਰਗ ਵੀ ਗਏ ਸੋ' ਮੈਂ ਕਿਹਾ ਹਾਂ। ਮੈਨੂੰ ਪਤਾ ਲਗ ਗਿਆ ਇਹਨਾਂ ਨੂੰ ਕਿਸ ਦਸਿਆ ਹੈ। ਉਹ ਜਿਹੜਾ ਕਾਗਜ਼ ਪੜ ਰਹੇ ਸਨ ਉਹ ਇਕ ਰਸਾਲਾ ਸੀ 'ਨਵਾਂ ਸਾਹਿਤ' ਪਿਆਰਾ ਸਿੰਘ ਦਾਤਾ ਦਾ ਪਰਚਾ ਉਸ ਵਿਚ ਦਾਤਾ ਜੀ ਦਾ ਯਾਤਰਾ ਲੇਖ ਛਪਿਆ ਸੀ। ਇਹ ਹੈ ਦਾਤਾ ਜੀ ਦਾ ਸੈਲਾਨੀ ਰੂਪ। ਉਹਨਾਂ ਨੂੰ ਜਦੋਂ ਮਿਲੋ ਕਿਸੇ ਯਾਤਰਾ ਦੀ ਤਿਆਰੀ ਹੁੰਦੀ ਹੈ। ਕਦੇ ਕਸ਼ਮੀਰ ਕਦੇ ਕੁਲੂ-ਮਨਾਲੀ ਮਨੀ-ਕਰਨ, ਕਦੇ ਹਰਦਵਾਰ ਤੇ ਕਦੇ ਥਾਈਲੈਂਡ ਨੂੰ। ਜਦੋਂ ਮੈਂ ੧੯੮੪ ਵਿਚ ਇੰਗਲੈਂਡ ਗਿਆ ਤਾਂ ਜਾਣ ਤੋਂ ਪਹਿਲਾਂ ਦਾਤਾ ਜੀ ਨੇ ਦਿਲੀ ਤਾਕੀਦ ਕੀਤੀ ਕਿ ਉਥੋਂ ਜਾ ਕੇ ਆਪਣਾ ਪ੍ਰੋਗਰਾਮ ਲਿਖਾਂ ਤਾਂ ਕਿ ਦਾਤਾ ਜੀ ਬਾਦ ਵਿਚ ਨਾਲ ਸ਼ਾਮਲ ਹੋ ਜਾਣ।

ਦਾਤਾ ਦੇ ਪਰਚੇ ਨਵਾਂ ਸਾਹਿਤ ਵਿਚ ਦੋ ਗੱਲਾਂ ਸਦਾ ਨਵੀਆਂ ਹੀ ਰਹਿੰਦੀਆਂ ਹਨ ਯਾਤਰਾ ਤੇ ਹਾਸ ਵਿਅੰਗ। ਜਿਵੇਂ ਬੰਬਈ ਦੀ ਨਿਊ ਮਾਰਕਿਟ ਦੋ ਸੌ ਸਾਲ ਬਾਦ ਵੀ ਨਵੀਂ ਹੈ, ਜਿਵੇਂ ਨਵਾਂ ਜ਼ਮਾਨਾ ਅਖਬਾਰ ਦਾ ਜ਼ਮਾਨਾ ਚਾਲੀਆਂ ਸਾਲਾਂ ਬਾਦ ਵੀ ਨਵਾਂ ਹੀ ਹੈ ਇਵੇਂ ਹੀ ਨਵਾਂ ਸਾਹਿਤ ਨਿਤ ਨਵਾਂ ਹੈ ਪਰਮਾਤਮਾ ਵਾਂਗ। ਦਾਤਾ ਜੀ ਦਾ ਹਾਸ ਵਿਅੰਗ ਤਾਂ ਪ੍ਰਸਿੱਧ ਹੈ ਉਸ ਵਿਚੋਂ ਇਹਨਾਂ ਕੀ ਖੱਟਿਆ ਇਹ ਤਾਂ ਆਪ ਜਾਨਣ ਜੋ ਲਿਖਣੋਂ ਹਟਦੇ ਹੀ ਨਹੀਂ ਗੁਰਨਾਮ ਸਿੰਘ ਤੀਰ ਵਾਂਗ ਪਰ ਅਸਾਂ ਤਾਂ ਗਵਾਇਆ ਹੀ ਹੈ। ਇਹਨਾਂ ਦੀਆਂ ਕਿਰਤਾਂ ਪੜ੍ਹਕੇ ਅਸੀਂ ਬਹੁਤ ਹੀ ਖੁਸ਼ ਹੁੰਦੇ ਸਾਂ। ਸਬਬੀਂ ਇਹਨਾਂ ਬਾਰੇ ਅਭਿਨੰਦਨ ਗ੍ਰੰਥ ਸਾਡੇ ਹੱਥ ਲਗ ਗਿਆ। (ਲਗ ਨਹੀਂ ਲਗਾਇਆ ਗਿਆ) ਪਹਿਲਾਂ ਤਾਂ ਮਹਾਨ ਲੇਖਕਾਂ ਵਲੋਂ ਇਹਨਾਂ ਨੂੰ ਸ਼ਰਧਾਂਜਲੀਆਂ ਪੜ੍ਹਕੇ ਮਨ ਸਤਿਕਾਰ ਨਾਲ ਝੁੱਕ ਗਿਆ (ਸ਼ਰਧਾਂਜਲੀ ਤੋਂ ਭਾਵ ਸ਼ਰਧਾ-ਅੰਜਲੀ ਹੈ ਇਸ ਦਾ ਅਵਾਮੀ ਮਤਲਬ ਨਾ ਸਮਝਿਆ ਜਾਵੇ ਸਗੋਂ 'ਨਵਾਂ-ਸਾਹਿਤਕ' ਅਰਥ ਹੀ ਸਮਝਿਆ ਜਾਵੇ) ਉਸ ਤੋਂ ਬਾਅਦ ਇਹਨਾਂ ਦੀਆਂ ਕ੍ਰਿਤਾਂ ਪੜ੍ਹਕੇ ਅਸੀਂ ਏਨੇ ਖੁਸ਼ ਹੋਇਆ ਕਰੀਏ ਕਿ ਗੱਲ ਨਿਜ ਤੋਂ ਟੱਬਰ ਤੱਕ ਅਤੇ ਫੇਰ ਬਾਹਰ ਵੀ ਫੈਲ ਗਈ।


Sri Satguru Jagjit Singh Ji eLibrary NamdhariElibrary@gmail.com

ਪੁਸਤਕ ਦਾ ਘਰ ਘਰ ਪਾਠ ਹੋਣ ਲੱਗ ਪਿਆ। ਉਦੋਂ ਅਸਾਂ ਵਰਿਆਮ ਵੀ ਸ਼ੁਰੂ ਕਰ ਦਿਤਾ ਅਤੇ ਇਹਦੇ ਵਿਚ ਇਕ ਵਿਅੰਗ ਦਾ ਕਾਲਮ ਘੁਣਤਰਾਂ ਫਰੀਆਰਡਰ ਤੇ ਵੀ ਲਿਖਵਾਣਾ ਸ਼ੁਰੂ ਕਰ ਦਿਤਾ। ਇਹਦੇ ਲੇਖਕ ਦਲਬੀਰ ਨੂੰ ਪ੍ਰੋਤਸਾਹਿਤ ਕਰਨ ਵਾਸਤੇ ਅਤੇ ਤਖ਼ਈਅਲ ਦੀਆਂ ਉਡਾਰੀਆਂ ਮਰਵਾਉਣ ਵਾਸਤੇ ਅਸੀਂ ਇਹ ਪੁਸਤਕ ਵੀ ਪੜ੍ਹਨ ਨੂੰ ਦੇ ਦੇਣੀ। ਬਸ ਜੀ ਘਰਘਰ ਦਾਤਾ ਦਾਤਾ ਹੋ ਗਈ। ਇਹ ਗੱਲ ਅਸਾਂ ਦਾਤਾ ਜੀ ਨੂੰ ਬਿਲਕੁਲ ਨਾ ਦੱਸੀ ਕਿਉਂਕਿ ਪੁਸਤਕ ਮੁਫ਼ਤ ਦੀ ਸੀ। ਇਸ ਪੁਸਤਕ ਨੇ ਸਾਡਾ ਮਾਨ ਤਾਂ ਬਹੁਤ ਵਧਾਇਆ ਪਰ ਵਿਚਾਰੀ ਆਪ ਸਾਥੋਂ ਸਦਾ ਲਈ ਵਿਛੜ ਗਈ। ਪਤਾ ਨਹੀਂ ਕਿਹੜੇ ਪ੍ਰੇਮੀ ਕੋਲ ਹੁਣ ਪਈ ਹੈ। ਜਿਸ ਪ੍ਰੇਮੀ ਕੋਲ ਹੋਵੇ ਉਹ ਦੱਸ ਦੇਵੇ ਅਸੀਂ ਵਾਇਦਾ ਕਰਦੇ ਹਾਂ ਕਿ ਉਸਦਾ ਨਾਮ ਗੁਪਤ ਰਖਿਆ ਜਾਵੇਗਾ।

ਦਲਬੀਰ ਨਵਾਂ ਜ਼ਮਾਨਾ ਚੋਂ ਉਡਾਰੀ ਮਾਰ ਕੇ ਪੰਜਾਬੀ ਟ੍ਰਿਬਿਊਨ ਵਿਚ ਜਾ ਪਹੁੰਚਾ ਅਤੇ ਇਸ ਤਰ੍ਹਾਂ ਇਕ ਵਿਅੰਗ ਲੇਖਕ ਵਜੋਂ ਸਥਾਪਤ ਹੋਣ ਤੋਂ ਬਚ ਗਿਆ!

ਦਾਤਾ ਸਾਹਿਤ ਬਾਰੇ ਗੱਲ ਕਰਨਾ ਪ੍ਰਸਿੱਧ ਆਲੋਚਕਾਂ ਦਾ ਕੰਮ ਹੈ ਅਸਾਂ ਮਾੜੀ ਮੋਟੀ ਅਪਣੀ ਗੱਲ ਕਰ ਦਿਤੀ ਹੈ ਬਾਕੀ ਪਾਠਕ ਜਾਨਣ ਤੇ ਦਾਤਾ ਸਾਹਿਬ।

੧੯੮੩ ਵਿਚ,ਤੀਜੀ ਵਿਸ਼ਵ ਪੰਜਾਬੀ ਕਾਨਫਰੰਸ ਦੇ ਨਾਮ ਤੇ ਪੰਜਾਬੀ ਦੇ ਵਾਹਵਾ ਲੇਖਕ ਥਾਈਲੈਂਡ ਵਿਚ ਇਕੱਤਰ ਹੋ ਗਏ। ਕੁਝ ਲੋੜ ਤੋਂ ਵੱਧ ਹੀ ਹੋ ਗਏ। ਹਵਾਈ ਜਹਾਜ਼ ਭਰ ਭਰ ਕੇ ਗਏ। ਬੈਂਕੌਕ ਦੇ ਹਵਾਈ ਅੱਡੇ ਤੇ ਅਸੀਂ ਸਵਾਗਤ ਕਰਨ ਵਾਸਤੇ ਇਕੱਤਰ ਸਾਂ। ਕਈ ਡੈਲੀਗੇਟਾਂ ਨੇ ਤਾਂ ਵਾਹਵਾ ਹੀ ਉਡੀਕ ਕਰਵਾਈ ਕਿਉਂਕਿ ਉਹਨਾਂ ਕੋਲ ਬਹੁਤ ਸਾਰਾ 'ਸਾਹਿਤਕ' ਸਮਾਨ ਸੀ ਜਿਹੜਾ ਥਾਈ ਅਧਿਕਾਰੀਆਂ ਦੀ ਸਮਝ ਵਿਚ ਨਹੀਂ ਆਉਂਦਾ। ਪਰ ਜਿਹੜੇ ਦੋ ਵਿਅਕਤੀ ਸਭ ਤੋਂ ਪਹਿਲਾਂ ਬਾਹਰ ਝੋਲੇ ਫੜੀ ਨਿਕਲੇ ਉਹ ਸਨ ਪਿਆਰਾ ਸਿੰਘ ਦਾਤਾ ਅਤੇ ਭਾਪਾ ਪ੍ਰੀਤਮ ਸਿੰਘ ਜੀ ਨਵਯੁਗ ਪ੍ਰੈਸ ਵਾਲੇ। ਯਾਤਰਾ ਦਾ ਸਾਥ ਦਾਤਾ ਜੀ ਨਾਲ ਮੁੜ ਦੂਜੀ ਵਾਰ ਹੋ ਗਿਆ। ਯਾਤਰਾ ਜਮਾ ਪੰਜਾਬੀ ਕਾਨਫਰੰਸ ਹੋਵੇ ਤਾਂ ਕਿਉਂ ਨਾ ਫੁਲਝੜੀਆਂ ਖਿੜਣ ਕਹਿਕਹੇ ਵਜਣ। ਕਾਨਫਰੰਸ ਬਹੁਤ ਸੱਜ ਧੱਜ ਅਤੇ ਸ਼ਾਨ ਸ਼ੌਕਤ ਨਾਲ ਸ਼ੁਰੂ ਹੋਈ। ਸਭ ਡੈਲੀਗੇਟਾਂ ਆਪਣਾ ਤੁਆਰਫ ਆਪ ਕਰਾਇਆ। ਕਈਆਂ ਨੇ ਇਕ ਲਾਈਨ ਦਾ ਕਈਆਂ ਨੇ ਇਕ ਸਫੇ ਦਾ। ਡਾ: ਹਰਨਾਮ ਸਿੰਘ ਸ਼ਾਨ ਕੋਲ ਬਹੁਤ ਸਾਰੀਆਂ ਡਿਗਰੀਆਂ ਹਨ ਅਤੇ ਉਹਨਾਂ ਵੀ ਅਪਣਾ ਤੁਆਰਫ ਕਰਾਇਆ "ਮੇਰਾ ਨਾਂਅ ਹਰਨਾਮ ਸਿੰਘ ਸ਼ਾਨ ਐ, ਮੈਂ ਪੰਜਾਬ ਯੂਨੀਵਰਸਟੀ ਵਿਚ ਚੰਡੀਗੜ੍ਹ ਗੁਰੂ ਨਾਨਕ ਚੇਅਰ ਦਾ ਚੇਅਰਮੈਨ ਹਾਂ ਅਰ ਡਿਪਾਰਟਮੈਂਟ ਆਫ ਸਿੱਖ ਸਟੱਡੀਜ਼ ਦਾ ਹੈਡ ਆਂ। ਤਕਰੀਬਨ ਸੱਠ ਕਿਤਾਬਾਂ ਔਰ ਡੇਢ ਸੌ ਰੀਸਰਚ ਪੇਪਰ ਖੋਜ ਪੱਤਰ ਵਗੈਰਾ ਮੇਰੇ ਛਪੇ ਨੇ ਪੰਜਾਬੀ, ਅੰਗਰੇਜ਼ੀ ਅਤੇ ਉਰਦੂ ਵਿਚ"। ਜਿਹੜੀ ਕਿਤਾਬ ਸਵੇਰੇ ਪੇਸ਼ ਕੀਤੀ ਗਈ ਸੀ ਉਸਦਾ ਅਸਲ ਨਾਂਅ ਏ ਸੋ ਸੈਡ ਸ਼ੇਖ ਫਰੀਦ। ਉਹਦੇ ਵਿਚ ਮੈਂ ਸ਼ੇਖ ਫਰੀਦ ਦੀ ਡਿਕਸ਼ਨਰੀ ਆਫ ਥਾਟ ਚਾਰ ਜ਼ਬਾਨਾਂ 'ਚ ਦਿਤੀ ਐ। ਮੇਰੀ ਨਵੀਂ ਕਿਤਾਬ ਜੋ ਅੱਜ ਪੇਸ਼ ਹੋਈ ਹੈ ਉਹ ਹੈ ਪੰਜਾਬ ਐਂਡ ਦੀ ਲਾਇਨ ਆਫ ਪੰਜਾਬ।..."

ਦਸ ਬਾਰਾਂ ਸਾਹਿਤਕਾਰਾਂ ਬਾਦ ਦਾਤਾ ਜੀ ਦੀ ਵਾਰੀ ਆ ਗਈ ਉਹਨਾਂ ਅਪਣਾ ਤੁਆਰਫ ਕਰਵਾਇਆ—ਪਿਆਰਾ ਸਿੰਘ ਦਾਤਾ। ਹਾਸ ਵਿਅੰਗ ਦਾ ਇਕ ਪਰਚਾ 'ਨਵਾਂ ਸਾਹਿਤ' ਮੈਂ ਉਸਦਾ ਐਡੀਟਰ ਹਾਂ ਤੇ ਡਾਕਟਰ ਹਰਨਾਮ ਸਿੰਘ ਸ਼ਾਨ ਹੋਰਾਂ ਤੋਂ ਪੱਚੀ ਕਿਤਾਬਾਂ ਜ਼ਿਆਦਾ ਲਿਖੀਆ ਨੇ।

ਅਜੇ ਏਨਾ ਹੀ ਤੁਆਰਫ ਹੋਇਆ ਸੀ ਕਿ ਸਰੋਤਿਆਂ ਦੇ ਢਿਡੀਂ ਪੀੜਾਂ ਪੈ ਗਈਆ ਤੇ ਅੱਖੀਆਂ ਅਥਰੂਆਂ ਨਾਲ ਭਰ ਗਈਆਂ। ਲਗਾਤਾਰ ਹਾਸੇ ਦਰਮਿਆਨ ਦਾਤਾ ਜੀ ਨੂੰ ਆਪਣਾ ਤੁਆਰਫ ਵਿਚੇ ਰੋਕਣਾ ਪਿਆ।

ਕਾਨਫਰੰਸ ਦੀ ਸਮਾਪਤੀ ਤੇ ਡੈਲੀਗੇਟਾਂ ਨੂੰ ਸਮੁੰਦਰ ਕੰਢੇ ਦੀ ਸੈਰ ਵਾਸਤੇ ਸਪੈਸ਼ਲ ਬਸਾਂ ਰਾਹੀਂ ਲੈਜਾਇਆ ਗਿਆ ਅਤੇ ਪਹਿਲੀ ਵਾਰ ਹੋਟਲ ਦੇ ਵੰਨ ਸੁਵੰਨਿਆਂ ਖਾਣਿਆਂ ਦੀ ਥਾਂ ਪੰਜਾਬੀ ਪਰਾਉਂਠੇ ਛਕੇ। ਸਮੁੰਦਰ ਦੇ ਕੰਢੇ ਤੇ ਜਾਕੇ ਨੌਜਵਾਨ ਲੇਖਕ ਸੂਟ ਬੂਟ ਪਾਈ ਮੂੰਹ ਚੁਕ ਕੇ ਖਲੋ ਰਹੇ। ਸਮੁੰਦਰ ਦਾ ਸ਼ਾਨਦਾਰ ਕਿਨਾਰਾ ਹੋਵੇ ਤੇ ਕਿਸੇ ਦਾ ਨਹਾਉਣ ਨੂੰ ਜੀਅ ਨਾ ਕਰੇ ਹੈਰਾਨੀ ਦੀ ਗੱਲ ਹੀ ਸੀ। ਭਾਵੇਂ ਇਹ ਗੱਲ ਠੀਕ ਸੀ ਕਿ ਨਹਾਉਣ ਦਾ ਸਮਾਂ ਨਾ ਹੋਣ ਕਰਕੇ ਰੌਣਕ ਹੋਰ ਨਹੀਂ ਸੀ ਪਰ ਅਸਾਂ ਜਦੋਂ ਕਪੜੇ ਉਤਾਰਕੇ ਸਮੁੰਦਰ ਵਿਚ ਪੈਰ ਧਰੇ ਤਾਂ ਸਭ ਤੋਂ ਪਹਿਲਾਂ ਸਾਡਾ ਸਾਥ ਦੇਣ ਵਾਲੇ ਸਨ ਪਿਆਰਾ ਸਿੰਘ ਦਾਤਾ ਤੇ ਪ੍ਰੀਤਮ ਸਿੰਘ ਕਵੀ ਦੋਵੇਂ ਹੀ ਜਵਾਨ ਬੁੱਢੇ ਦੋਵੇਂ ਹੀ ਸੈਲਾਨੀ—ਇਸ ਮੰਡਲੀ ਵਿਚ ਨੌਜਵਾਨ ਤਾਂ ਘੱਟ ਹੀ ਆਏ ਪਰ ਗੁਸਾ ਨਾ ਕਰਨ, ਜਗਜੀਤ ਸਿੰਘ ਆਨੰਦ, ਹਰਨਾਮ ਸਿੰਘ ਭੱਟੀ ਵਰਗੇ ਪ੍ਰੌੜ ਸੱਜਣ ਧਾਈ ਕਰਕੇ ਆ ਗਏ।

ਇਹ ਹਨ ਪਿਆਰਾ ਸਿੰਘ ਦਾਤਾ ਦੇ ਸੈਲਾਨੀ ਸੁਭਾਅ ਦੀਆਂ ਕੁਝ ਝਾਤਾਂ।

×


Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

# ਸਤਿਗੁਰੂ ਪ੍ਰਤਾਪ ਸਿੰਘ ਅਕਾਦਮੀ

ਸ੍ਰੀ ਭੈਣੀ ਸਾਹਿਬ—੧੪੧੧੧੩ (ਲੁਧਿਆਣਾ)
(ਰਿਹਾਇਸ਼ੀ ਅੰਗਰੇਜ਼ੀ ਮਾਧਿਅਮ ਪਬਲਿਕ ਸਕੂਲ)

ਪਿਆਰੇ ਮਾਪਿਓ,

ਮੈਨੂੰ ਇਹ ਦਸਣ ਵਿਚ ਖੁਸ਼ੀ ਹੁੰਦੀ ਹੈ ਕਿ ਤੁਹਾਡਾ ਬੱਚਾ ਅਸੀਂ ਆਪਣੇ ਸਕੂਲ ਵਿਚ ਦਾਖਲ ਕਰ ਲਿਆ ਹੈ। ਜਦੋਂ ਵੀ ਤੁਸੀਂ ਆਪਣੇ ਬੱਚੇ ਬਾਰੇ ਕਿਸੇ ਤਰ੍ਹਾਂ ਦਾ ਪੱਤਰ-ਵਿਹਾਰ ਕਰਨਾ ਹੋਵੇ ਤਾਂ ਬੱਚੇ ਦਾ ਨਾਂ ਸ਼ਰੇਣੀ ਤੇ ਰੋਲ ਨੰਬਰ ਜ਼ਰੂਰ ਲਿਖੋ ਜਿਹੜਾ ਅਸੀਂ ਤੁਹਾਨੂੰ ਦਸਿਆ ਹੈ।

ਆਪ ਜੀ ਦਾ ਧਿਆਨ ਕੁਝ ਹੇਠ ਲਿਖੇ ਨੁਕਤਿਆਂ ਵੱਲ ਦਵਾਉਣਾ ਚਾਹੁੰਦਾ ਹਾਂ ਜਿਹੜੇ ਕਿ ਤੁਹਾਡੇ ਬੱਚੇ ਦੇ ਬਾਰੇ ਤੇ ਵਿਕਾਸ ਲਈ ਜ਼ਰੂਰੀ ਹਨ :—

(ੳ) ਜਿਹੜੇ ਮਾਪਿਆਂ ਨੇ ਆਪਣੇ ਬਚਿਆਂ ਨੂੰ ਪਹਿਲੀ ਵਾਰੀ ਹੋਸਟਲ ਵਿਚ ਛਡਿਆ ਹੈ, ਉਹ ਇਹ ਸਮਝ ਲੈਣ ਕਿ ਬੱਚੇ ਨੂੰ ਨਵੇਂ ਵਾਤਾਵਰਣ ਵਿਚ ਸ਼ਾਮਲ ਹੋਣ ਲਈ ਕੁਝ ਸਮੇਂ ਦੀ ਲੋੜ ਹੁੰਦੀ ਹੈ। ਪਹਿਲਾਂ ਬੱਚਾ ਘਰੇਲੂ ਵਾਤਾਵਰਣ ਤੋਂ ਦੂਰ ਹੋ ਜਾਣ ਕਰਕੇ ਕੁਝ ਸਮਾਂ ਵਿਯੋਗ ਵਿਚ ਰਹਿੰਦਾ ਹੈ ਅਤੇ ਫਿਰ ਹੌਲੀ ਹੌਲੀ ਉਹ ਨਵੇਂ ਵਾਤਾ-ਵਰਣ ਨਾਲ ਮੋਹ ਕਰਨ ਲਗ ਜਾਂਦਾ ਹੈ। ਇਸ ਲਈ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬਚਿਆਂ ਨੂੰ ਘਟੋ ਘਟ ਡੇਢ ਮਹੀਨਾ ਬਿਲਕੁਲ ਨਾ ਮਿਲਣ।

(ਅ) ਜਦੋਂ ਵੀ ਬੱਚਿਆਂ ਦੇ ਮਾਪੇ ਜਾਂ ਕੋਈ ਹੋਰ ਰਿਸ਼ਤੇਦਾਰ ਜਿਸ ਦਾ ਨਾਂ ਪਹਿਲਾਂ ਸਕੂਲ ਵਿਚ ਲਿਖਾਇਆ ਹੋਵੇ, ਮਿਲਣ ਲਈ ਆਉਣ ਤਾਂ ਉਹ ਸਕੂਲ ਦੇ ਮੁਖ ਗੇਟ ਦੇ ਬਾਹਰ ਸਵਾਗਤੀ ਦਫਤਰ ਵਿਚ ਇੰਤਜ਼ਾਰ ਕਰਨ। ਬੱਚੇ ਨੂੰ ਸਵਾਗਤੀ ਦਫਤਰ ਵਿਚ ਮਿਲਾਣ ਦਾ ਪ੍ਰਬੰਧ ਅਸੀਂ ਕਰ ਦਿਤਾ ਹੋਇਆ ਹੈ। ਸਕੂਲ ਦੇ ਹੋਸਟਲ ਵਿਚ ਜਾਣ ਦੀ ਮਨਾਹੀ ਹੈ। ਮਾਪੇ ਸਿਰਫ ਅੰਗਰੇਜ਼ੀ ਮਹੀਨੇ ਦੇ ਦੂਜੇ ਐਤਵਾਰ ਨੂੰ ਹੀ ਸਵੇਰੇ ੯ ਵਜੇ ਤੋਂ ਸ਼ਾਮ ਦੇ ੩ ਵਜੇ ਤਕ ਬੱਚਿਆਂ ਨੂੰ ਮਿਲ ਸਕਦੇ ਹਨ।

(ੲ) ਇਸ ਸਾਲ ਅਸੀਂ ਡੇਢ ਮਹੀਨੇ ਦੀਆਂ ਗਰਮੀ ਦੀਆਂ ਛੁਟੀਆਂ ਨਹੀਂ ਕਰ ਰਹੇ ਜੋ ਕਿ ਅਸੀਂ ੧੯-੫-੮੭ ਤੋਂ ੩੦-੬-੮੭ ਤਕ ਕਰਨੀਆਂ ਸਨ। ਇਸ ਸਮੇਂ ਦੌਰਾਨ ਆਮ ਵਾਂਗ ਪੜ੍ਹਾਈ ਕਰਾਈ ਜਾਵੇਗੀ। ਫਿਰ ਵੀ ਬੱਚਿਆਂ ਦੇ ਮਨ-ਪਰਚਾਵੇ ਲਈ ਅਸੀਂ ਵਿਦਿਅਕ-ਭਰਮਣ ਦਾ ਹਫਤੇ, ਦਸ ਦਿਨਾਂ ਦਾ ਪ੍ਰਬੰਧ ਕਰਾਂਗੇ। ਬੱਚਿਆਂ ਨੂੰ ਪਹਾੜਾਂ ਦੀ ਸੈਰ ਜਾਂ ਇਤਿਹਾਸਕ ਸਥਾਨਾਂ ਦੀ ਯਾਤਰਾ ਕਰਾਈ ਜਾਵੇਗੀ। ਇਸ ਬਾਰੇ ਅਸੀਂ ਮਾਪਿਆਂ ਨੂੰ ਪ੍ਰੋਗਰਾਮ ਲਿਖ ਭੇਜਾਂਗੇ। ਇਸ ਵਿਦਿਅਕ-ਭਰਮਣ ਉਤੇ ਜੋ ਖਰਚਾ ਆਵੇਗਾ ਉਹ ਬੱਚਿਆਂ ਨੂੰ ਆਪਣੇ ਹਿੱਸੇ ਅਨੁਸਾਰ ਦੇਣਾ ਪਵੇਗਾ।

(ਸ) ਜਿਹੜੇ ਮਾਪਿਆਂ ਨੇ ਆਪਣੇ ਬੱਚਿਆਂ ਨੂੰ ਹੇਠ ਲਿਖੀਆਂ ਬਿਮਾਰੀਆਂ ਤੋਂ ਬਚਾਓ ਲਈ ਟੀਕੇ ਨਹੀਂ ਲਗਾਏ ਉਹ ਸਾਨੂੰ ਤੁਰੰਤ ਲਿਖ ਭੇਜਣ ਤਾਂ ਕਿ ਅਸੀਂ ਆਪਣੇ ਡਾਕਟਰ ਤੋਂ ਉਨ੍ਹਾਂ ਨੂੰ ਟੀਕੇ ਲਗਵਾ ਦੇਈਏ :—

(੧) ਡਿਪਥੇਰੀਆ (੨) ਕਾਲੀ ਖੰਗ (੩) ਚੇਚਕ (੪) ਟੈਟਨਸ (੫) ਪੋਲੀਓ।

(ਹ) ਜਿਹੜੇ ਮਾਪਿਆਂ ਨੇ ਆਪਣੇ ਬੱਚਿਆਂ ਦੀ ਫੀਸ ਤੇ ਫੰਡ ਹਾਲੀਂ ਪੂਰੀ ਤਰ੍ਹਾਂ ਨਹੀਂ ਜਮ੍ਹਾਂ ਕਰਾਏ, ਉਹ ੧੯ ਹਾੜ ਸੰਮਤ ੨੦੪੪ (੩੦-੬-੮੭) ਤਕ ੪੦੦੦ ਰੁਪਏ ਪੂਰੇ ਜਮ੍ਹਾਂ ਕਰਵਾ ਦੇਣ। ਫੀਸ ਤੇ ਫੰਡ ਦਾ ਕਰਾਸਡ ਬੈਂਕ ਡਰਾਫਟ ਹੇਠ ਲਿਖੇ ਨਾਂ ਅਨੁਸਾਰ ਹੋਣਾ ਚਾਹੀਦਾ ਹੈ। ਇਹ ਡਰਾਫਟ ਰਜਿਸਟਰੀ ਕਰਕੇ ਭੇਜਿਆ ਜਾਵੇ :—

ਸੈਕਟਰੀ
ਸਤਿਗੁਰੂ ਪ੍ਰਤਾਪ ਸਿੰਘ ਅਕਾਡਮੀ
ਸ੍ਰੀ ਭੈਣੀ ਸਾਹਿਬ-੧੧੪੧੧੩ (ਲੁਧਿਆਣਾ)

ਅੰਤ ਵਿਚ ਮਾਪਿਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਹਰ ਸਕੂਲ ਬਾਰੇ ਬਣਾਏ ਗਏ ਨਿਯਮ ਅਤੇ ਵਿਹਾਰ ਨੂੰ ਸਮਝਣ ਅਤੇ ਸਾਨੂੰ ਸਹਿਯੋਗ ਦੇਣ ਤਾਂ ਜੋ ਅਸੀਂ ਵਿਦਿਆਰ-ਥੀਆਂ ਨੂੰ ਇਕ ਚੰਗੇ ਅਨੁਸ਼ਾਸਨੀ, ਇਮਾਨਦਾਰ, ਨਿਮਰ ਸੰਤੋਖੀ ਅਤੇ ਸੁਚੱਜੇ ਬਣਾ ਸਕੀਏ।

ਸਤਿਕਾਰ ਸਹਿਤ

ਆਪ ਦਾ ਹਿਤੂ
ਜਸਵੰਤ ਸਿੰਘ ਕੰਵਲ
ਐਮ.ਏ. (ਇੰਗਲਿਸ਼ ਅਤੇ ਪੰਜਾਬੀ) ਐਮ ਐਡ
ਪੋ: ਗ੍ਰੈ: ਡੀਪ-ਇਨ-ਮੈਨੇਜਮੈਂਟ
ਹੈਡਮਾਸਟਰ।

## ਵਰਿਆਮ ਦੇ ਦਰ

| | |
|---|---|
| ਇਕ ਪ੍ਰਤੀ | ੩.੦੦ ਰੁਪਏ |
| ਸਾਲਾਨਾ ਚੰਦਾ | ੩੦.੦੦ ,, |
| ਤਿੰਨ ਸਾਲ ਵਾਸਤੇ | ੮੦.੦੦ ,, |
| ਚਾਰ ,, ,, | ੧੦੦.੦੦ ,, |
| ਪੰਜ ,, ,, | ੧੨੫.੦੦ ,, |
| ਉਮਰ ਭਰ ਵਾਸਤੇ | ੩੦੦.੦੦ ,, |


Sri Satguru Jagjit Singh Ji eLibrary NamdhariElibrary@gmail.com

# ਕੋਸ਼-ਸ਼ਬਦ

ਇਸ ਕਾਲਮ ਅਧੀਨ ਅਸੀਂ ਕੋਸ਼ਾਂ ਵਿਚ ਦਿਤੇ ਵੱਖ ਵੱਖ ਸ਼ਬਦਾਂ ਦੇ ਵੱਖ ਵੱਖ ਅਰਥ ਅਤੇ ਵਿਆਖਿਆ ਪੇਸ਼ ਕਰਨ ਦਾ ਉਪਰਾਲਾ ਕਰ ਰਹੇ ਹਾਂ। —ਸੰਪਾਦਕ

**ਯੁੱਗ**—ਸੰ: ਸੰਗਯਾ—ਜੋੜਾ ਯੁਗਮ

੨. ਚਾਰ ਹੱਥ ਦਾ ਮਾਪ—ਦੋ ਗਜ਼

੩. ਰੱਥ ਗੱਡੇ ਆਦਿ ਦਾ ਜੂਲਾ

੪. ਸਤਯ, ਤ੍ਰੇਤਾ, ਦੁਆਪਰ ਅਤੇ ਕਲਿ ਰੂਪ ਇਕ ਖਾਸ ਸਮਾਂ ਹਿੰਦੂ ਮਤ ਦੇ ਗ੍ਰੰਥਾਂ ਅਨੁਸਾਰ ਯੁਗ ਦੇ ਆਰੰਭ ਦਾ ਸਮਾਂ "ਸੰਧਯਾ" ਅਤੇ ਸਮਾਪਤੀ ਦਾ 'ਸੰਧਯਾਂਸ' ਕਹਾਉਂਦਾ ਹੈ ਅਤੇ ਇਹਨਾਂ ਦੋਹਾਂ ਦਾ ਪ੍ਰਮਾਣ ਹਰੇਕ ਯੁਗ ਦਾ ਦਸਵਾਂ ਹਿਸਾ ਹੁੰਦਾ ਹੈ। ਚੌਹਾਂ ਯੁਗਾਂ ਦੀ ਗਿਣਤੀ ਦੇਵਤਿਆਂ ਦੇ ਵਰ੍ਹਿਆਂ ਅਨੁਸਾਰ ਇਸ ਤਰ੍ਹਾਂ ਹੈ।

| | | | |
|---|---|---|---|
| (ੳ) | ਕ੍ਰਿਤ ਅਥਵਾ ਸਤਯੁਗ | ੪੦੦੦] | |
| | ਸੰਧਯਾ | ੪੦੦] | ੪੮੦੦ |
| | ਸੰਧਯਾਂਸ | ੪੦੦] | |
| (ਅ) | ਤ੍ਰੇਤਾ ਯੁਗ | ੩੦੦੦] | |
| | ਸੰਧਯਾ | ੩੦੦] | ੩੬੦੦ |
| | ਸੰਧਯਾਂਸ | ੩੦੦] | |
| (ੲ) | ਦਵਾਪਰ ਯੁਗ | ੨੦੦੦] | |
| | ਸੰਧਯਾ | ੨੦੦] | ੨੪੦੦ |
| | ਸੰਧਯਾਂਸ | ੨੦੦] | |
| (ਸ) | ਕਲਿਯੁਗ | ੧੦੦੦] | |
| | ਸੰਧਯਾ | ੧੦੦] | ੧੨੦੦ |
| | ਸੰਧਯਾਂਸ | ੧੦੦] | |

ਇਹ ਵੀ ਮਾਲੂਮ ਰਹੇ ਕਿ ਦੇਵਤਿਆਂ ਦਾ ਇਕ ਵਰ੍ਹਾ ਲੋਕਾਂ ਦੇ ੩੬੦ ਵਰ੍ਹਿਆਂ ਦੇ ਬਰਾਬਰ ਹੈ, ਇਸ ਲਈ ਮਨੁਖ ਦੇ ਸਾਲਾਂ ਅਨੁਸਾਰ ਗਿਣਤੀ ਇਉਂ ਹੈ।

| | |
|---|---|
| ਸਤਯੁਗ | ੧੭,੨੮,੦੦੦ |
| ਤ੍ਰੇਤਾ ਯੁਗ | ੧੨,੯੬੦੦੦ |
| ਦਵਾਪਰ ਯੁਗ | ੮,੬੪,੦੦੦ |
| ਕਲਿਯੁਗ | ੪,੩੨,੦੦੦ |
| | ——— |
| ਜੋੜ | ੪੩,੨੦.੦੦੦ |

ਯੁਗਾਂ ਦੀ ਇਕ ਚੌਕੜੀ ਦਾ ਨਾਮ ਮਹਾਂਯੁਗ ਹੈ। ਦੋ ਹਜ਼ਾਰ ਮਹਾਯੁਗ ਅਥਵਾ ੮੬੪੦੦੦੦੦੦੦ ਵਰ੍ਹਿਆਂ ਦਾ ਇਕ 'ਕਲਪ' ਅਥਵਾ ਬ੍ਰਹਮਾ ਦੀ ਇਕ ਰਾਤ ਅਤੇ ਦਿਨ ਬਣਦਾ ਹੈ। ਇਹ ਯੁਗਾਂ ਦੀ ਗਿਣਤੀ ਵੇਦਾਂ ਵਿਚ ਨਹੀਂ ਹੈ ਪਰ ਪੁਰਾਣਾਂ ਮਹਾਭਾਰਤ ਅਤੇ ਰਾਮਾਇਣ ਵਿਚ ਪਾਈ ਜਾਂਦੀ ਹੈ। ਵਣਚਰਾਂ ਦੇ ਸਰਦਾਰ ਹਨੂਮਾਨ ਨੇ ਚਾਰ ਯੁਗਾਂ ਦਾ ਵਰਣਨ ਵਾਲਮੀਕ ਵਿਚ ਵਡੇ ਵਿਸਤਾਰ ਨਾਲ ਕੀਤਾ ਹੈ ਜਿਸ ਦਾ ਸੰਖੇਪ ਇਹ ਹੈ।

(ੳ) ਕ੍ਰਿਤਯੁਗ (ਸਤਯੁਗ) ਵਿਚ ਲੋਕ ਸਦਾ ਹੀ ਭਲਾ ਕਰਮ ਕਰਦੇ ਸਨ। ਨਾ ਧਰਮ ਦੀ ਅਤੇ ਨਾਂ ਹੀ ਲੋਕਾਂ ਦੀ ਹਾਨੀ ਹੁੰਦੀ ਸੀ। ਲੋਕਾਂ ਨੂੰ ਬਹੁਤ ਪੁਰਸ਼ਾਰਥ ਵੀ ਨਹੀਂ ਕਰਨਾ ਪੈਂਦਾ ਸੀ, ਜੋ ਕੁਝ ਉਹਨਾਂ ਦੇ ਚਿੱਤ ਦੀ ਇਛਾ ਹੁੰਦੀ ਆਪ ਤੋਂ ਆਪ ਹੀ ਪੂਰੀ ਹੋ ਜਾਂਦੀ ਸੀ। ਨਾ ਕੋਈ ਰੋਂਦਾ ਸੀ ਨਾ ਕਿਸੇ ਵਿਚ ਅਭਿਮਾਨ ਸੀ ਅਤੇ ਨਾ ਹੀ ਕੋਈ ਧੋਖਾ ਦੇਂਦਾ ਸੀ, ਨਾ ਕੋਈ ਝਗੜਦਾ ਸੀ, ਨਾ ਈਰਖਾ ਸੀ, ਨਾ ਕੋਈ ਸਖਤੀ ਕਰਦਾ ਤੇ ਨਾ ਕੋਈ ਡਰਦਾ ਸੀ, ਨਾ ਸਾੜਾ ਨਾ ਵੈਰ ਸੀ। ਹਰ ਇਕ ਜਾਤਿ ਦੇ ਆਦਮੀ ਆਪੋ ਆਪਣੇ ਨੇਮ ਅਤੇ ਕਰਮ ਨਿਬਾਹੀ ਚਲੇ ਜਾਂਦੇ ਸਨ, ਭਾਵੇਂ ਇਹਨਾਂ ਦੇ ਧਰਮ ਤਾਂ ਕਈ ਸਨ, ਪਰ ਵੇਦ ਅਨੁਸਾਰ ਸਭ ਦਾ ਇਕੋ ਹੀ ਧਰਮ ਸੀ।

(ਅ) ਤ੍ਰੇਤਾ ਯੁਗ ਵਿਚ ਯਗਯ ਆਦਿ ਹੋਣ ਲਗੇ, ਧਰਮ ਦਾ ਚੌਥਾ ਹਿਸਾ ਘਟ ਗਿਆ। ਲੋਕ ਸੱਚ ਤਾਂ ਬੋਲਦੇ, ਪਰ ਕਈ ਆਪਣੇ ਹਿਤ ਦੇ ਨਿਯਮਾਂ ਅਨੁਸਾਰ ਹੀ ਕਰਦੇ ਸਨ। ਬਲਿਦਾਨ ਅਤੇ ਹੋਮ ਪੂਜਨ ਆਦਿ ਕਰਮਾਂ ਦਾ ਪਰਚਾਰ ਸੀ। ਲੋਕ ਚਿਤ ਵਿਚ ਕਾਮਨਾ ਰੱਖਕੇ ਭਗਤਿ ਕਰਦੇ ਸਨ।

(ੲ) ਦੁਾਪਰ ਯੁਗ ਵਿਚ ਨੇਕੀ ਅੱਧੀ ਰਹਿ ਗਈ। ਵੇਦ ਚਾਰ ਹੋ ਗਏ। ਕਈ ਲੋਕ ਚਾਰ ਵੇਦ ਪੜ੍ਹਨ, ਕਈ ਤਿੰਨ, ਕਈ ਦੋ ਅਤੇ ਕਈ ਇਕ, ਅਤੇ ਕਈ ਇਕ ਵੀ ਨਾ ਪੜ੍ਹਨ। ਰਸਮਾਂ ਕਈ ਯੁਕਤੀਆਂ ਅਨੁਸਾਰ ਹੋਣ ਲਗ ਪਈਆਂ ਨੇਕੀ ਵੀ ਘਟ ਗਈ, ਤੇ ਝੂਠ ਵੀ ਕਈ ਬੋਲਣ ਲਗ ਪਏ। ਜਦ ਲੋਕ ਸਚਾਈ ਦੇ ਰਸਤੇ ਤੋਂ ਪਰੇ ਹੋ ਗਏ ਤਾਂ ਕਈ ਵਯਾਧੀਆਂ ਕਾਮਨਾਂ ਅਤੇ ਉਪਾਧੀਆਂ ਕਰਮਾਂ ਅਨੁਸਾਰ ਆ ਗਈਆਂ, ਜਿਸ ਨਾਲ ਉਹਨਾਂ ਨੂੰ ਸੰਤਾਪ ਹੋਇਆ ਤਾਂ ਤੱਪ ਕਰਨ ਲਗ ਪਏ। ਕਈ ਸਵਰਗ ਲੋਕ ਦੇ ਸੁਖ ਲੈਣ ਲਈ ਯੱਗ ਕਰਨ ਲਗੇ, ਪਰ ਬੁੱਧੀ ਲੋਕਾਂ ਦੀ ਮਲੀਨ ਹੀ ਹੁੰਦੀ ਚਲੀ ਗਈ।

(ਸ) ਜਦ ਕਲਿਯੁਗ ਦਾ ਪ੍ਰਭਾਵ ਹੋਇਆ ਤਾਂ ਭਲਾਈ ਕੇਵਲ ਚੌਥਾ ਹਿੱਸਾ ਹੀ ਰਹਿ ਗਈ। ਵੇਦ ਸ਼ਾਸਤਰ ਦੇ ਨੇਮ, ਨੇਕੀ ਦੇ ਕੰਮ ਅਤੇ ਯਗ ਹੋਮ ਆਦਿਕ ਸਭ ਬੰਦ


Sri Satguru Jagjit Singh Ji eLibrary NamdhariElibrary@gmail.com

ਹੋ ਗਏ ਹੋ ਮੁਸੀਬਤਾਂ, ਰੋਗ ਬਕਾਣ, ਕ੍ਰੋਧ ਸੰਤਾਪ; ਭੁੱਖ ਅਤੇ ਡਰ ਨੇ ਆ ਕੇ ਲੋਕਾਂ ਨੂੰ ਗ੍ਰਾਲਿਆ।

ਸਤਯੁਗ ਵਿਚ ਲੋਕਾਂ ਦੀ ਉਮਰ ਚਾਰ ਹਜ਼ਾਰ ਵਰ੍ਹੇ ਦੀ, ਤ੍ਰੇਤੇ ਵਿਚ ਤਿੰਨ ਹਜ਼ਾਰ ਦੀ—ਦਵਾਪਰ ਵਿਚ ਦੋ ਹਜ਼ਾਰ ਦੀ ਰਹਿ ਗਈ ਅਤੇ ਕਲਯੁਗ ਦੀ ਉਮਰ ਦਾ ਕੋਈ ਨੇਮ ਹੀ ਨਹੀਂ।

ਮਨੁ ਨੇ ਸਤਿਯੁਗ ਦੀ ਉਮਰ ੪੦੦, ਤ੍ਰੇਤਾ ਦੀ ੩੦੦, ਦਵਾਪਰ ਦੀ ੨੦੦ ਅਤੇ ਕਲਿਯੁਗ ਦੀ ੧੦੦ ਵਰ੍ਹਾ ਲਿਖੀ ਹੈ।

ਸ੍ਰੀ ਗੁਰੂ ਨਾਨਕ ਦੇਵ ਨੇ ਯੁਗਾਂ ਦੀ ਵੰਡ ਪੁਰਾਣਾਂ ਅਨੁਸਾਰ ਨਹੀਂ ਮੰਨੀ* ਅਤੇ ਨਾ ਯੁਗਾਂ ਨੂੰ ਕਰਮਾਂ ਦਾ ਕਾਰਨ ਮੰਨਿਆ ਹੈ; ਕਿੰਤੂ ਜੀਵਾਂ ਦੇ ਕੀਤੇ ਹੋਏ ਕਰਮਾਂ ਅਨੁਸਾਰ ਯੁਗ (ਸਮਾਂ) ਹੁੰਦਾ ਹੈ, ਅਰਥਾਤ ਜਿਸ ਦੇਸ਼ ਵਿਚ ਨੇਕ ਆਦਮੀ ਜਿਸ ਸਮੇਂ ਵਿਚ ਹੁੰਦੇ ਹਨ। ਉਸ ਵੇਲੇ ਸਤਿਯੁਗ ਵਰਤਦਾ ਹੈ ਅਤੇ ਜਿਸ ਦੇਸ਼ ਤਥਾ ਸਮੇਂ ਵਿਚ ਨੀਚ ਕਰਮਾਂ ਦੇ ਕਰਨ ਵਾਲੇ ਹੁੰਦੇ, ਉਸ ਸਮੇਂ ਕਲਿਯੁਗ ਕਿਹਾ ਜਾਂਦਾ ਹੈ।

ਮਨੁ ਨੇ ਨੌਵੇਂ ਅਧਯਾਯ ਦੇ ੩੦੧ ਸ਼ਲੋਕ ਵਿਚ ਯੁਗ ਦਾ ਕਾਰਨ ਰਾਜਾ ਨੂੰ ਲਿਖਿਆ ਹੈ। ਮਹਾਂਭਾਰਤ ਨੇ ਵੀ ਇਸ ਦੀ ਪੁਸ਼ਟੀ ਕੀਤੀ ਹੈ।

### ਯੁਗ ਧਰਮ

ਚਾਰੇ ਯੁਗਾਂ ਦੇ ਜੁਦੇ ਜੁਦੇ ਧਰਮ। ਪੁਰਾਣਾਂ ਅਨੁਸਾਰ ਸਤਯੁਗ ਵਿਚ ਧਿਆਨ, ਤ੍ਰੇਤਾ ਵਿਚ ਯੱਗ, ਦਵਾਪਰ ਵਿਚ ਪੂਜਨ ਅਤੇ ਕਲਿਯੁਗ ਵਿਚ ਹਰਿਨਾਮ ਕੀਰਤਨ। ਮਨੁ ਸਿਮ੍ਰਿਤਿ ਅਨੁਸਾਰ ਚਾਰ ਯੁਗਾਂ ਦੇ ਯਥਾ ਕ੍ਰਮ ਤਪ, ਗਿਆਨ ਯੱਗ ਅਤੇ ਦਾਨ। ਗੁਰਬਾਣੀ ਵਿਚ ਲਿਖਿਆ ਹੈ:

ਸਤਯੁਗਿ ਸਤੁ, ਤ੍ਰੇਤਾ ਜਗੀ, ਦੁਆਪਰਿ ਪੂਜਾਚਾਰ
ਤੀਨੋ ਜੁਗਿ ਤੀਨੋ ਦਿੜੇ, ਕਲਿ ਕੇਵਲ ਨਾਮ ਆਧਾਰ

—ਗਉੜੀ ਰਵਿਦਾਸ

ਮਹਾਨ ਕੋਸ਼ ਭਾਈ ਕਾਹਣ ਸਿੰਘ ਨਾਭਾ
ਪੰਨਾ—੧੦੦੯

### ਕਲਿ

ਹੋਵੈ ਪਰਵਾਣਾ ਕਰਹਿ ਧਿਙਾਣਾ
ਕਲਿ ਲਖਣ ਵੀਚਾਰਿ

...

ਜੇਕੋ ਸਤੁ ਕਰੇ ਸੋ ਛੀਜੈ
ਤਪ ਘਰਿ ਤਪੁ ਨ ਹੋਈ।
ਜੇ ਕੋ ਨਾਉ ਲਏ ਬਦਨਾਵੀ
ਕਲਿ ਕੇ ਲਖਣ ਏਈ

ਰਾਮ : ਅ: ਮ: ੧

ਮੀਰਜ਼ਾਦੇ ਪੀਰਜ਼ਾਦੇ ਅਸਲ ਅਮੀਰ ਜ਼ਾਦੇ
ਸਾਹਿਬ ਫਕੀਰ ਜ਼ਾਦੇ ਗੋਸ਼ੇ ਤਨ ਗੋ ਰਹੇ,
ਰਾਯਜ਼ਾਦੇ ਰਾਉਜ਼ਾਦੇ ਸ਼ਾਹਜ਼ਾਦੇ ਸਾਹੁਜ਼ਾਦੇ
ਕੁਲ ਕੇ ਅਸੀਲਜ਼ਾਦੇ ਤਾਜਪਨ ਖੋ ਰਹੇ,
"ਠਾਕੁਰ" ਕਹਿਤ ਕਲਿਕਾਲ ਕੇ ਕਹਿਰ ਬੀਚ
ਪਹਿਰ ਪਹਿਰ ਪੀਛੇ ਭਾਰੇ ਭ੍ਰਮ ਭੋ ਰਹੇ,
ਦਾਨ ਕਿਰਪਾਨ ਸਮੈ ਸਜਾਨ ਗੁਰ ਗਜ਼ਾਨ ਸਮੈ
ਸਭ ਜ਼ਾਦੇ ਮਿਟਕੈ ਹਰਾਮ ਜ਼ਾਦੇ ਹੋ ਰਹੇ,

ਮਹਾਨ ਕੋਸ਼ ਪੰਨਾ—੩੧੦






*ਸੋਈ ਚੰਦੁ ਚੜਹਿ ਸੇ ਤਾਰੇ, ਸੋਈ ਦਿਨੀਅਰੁ ਤਪਤ ਰਹੈ
ਸਾ ਧਰਤੀ ਸਾ ਪਉਣੁ ਝੁਲਾਰੇ, ਜੁਗ ਜੀਅ ਖੇਲੈ ਥਾਵ ਕੈਸੇ



Sri Satguru Jagjit Singh Ji eLibrary NamdhariElibrary@gmail.com

WITH

BEST COMPLIMENTS

FROM

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

ਅੰਬਰ ਫੂਡਜ਼

ਹੈਦਰਾਬਾਦ

# AMBER FOODS

**Amber pet HYDERABAD**

**(A.P.)**



Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

**ਨਾਮਧਾਰੀ ਏਜੰਸੀਜ਼**

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

Phones : Office : 2528411
,, : 2510845
Resi. : 213054

**PLEASE CONTACT**

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.

Sri Satguru Jagjit Singh Ji eLibrary NamdhariElibrary@gmail.com

Registered No. NW/JL—253 MONTHLY WARIAM JULY 1987
Registered with the registerar of News Papers for India No. 26453/75

# 'POONAM'

PROUDLY PRODUCES

**LIP-SMACKING**
**EPOCH-MAKING**
**MOUTH-WATERING**

**Delightful Delectable Delicious**

# BISCUITS

ALREADY INTRODUCED:

**Glucose, Roshni, Twinkle, Orange**
**Pineapple, Elaichi Cream Biscuits**

**Fully geared to release Shortly Salty Quality Biscuits -**

## POONAM BISCUITS PVT. LTD.

**E-23 M.I. D. C. Ind. Area**
**Chikalhana, Aurangabad-431210**

Telephone : 8707
Telegram : POONAM

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।

Monthly WARIAM, Ladowali Road, Jalandhar—144001.

Sri Satguru Jagjit Singh Ji eLibrary NamdhariElibrary@gmail.com